# ਮੁੱਖ ਬੰਦ

ਭਗਤ ਪੂਰਨ ਸਿੰਘ ਜੀ ਜਦੋਂ ਵੀ ਕਿਤੇ ਦਸਤਖ਼ਤ ਕਰਦੇ ਤਾਂ ਲਿਖਦੇ "ਭਗਤ ਪੂਰਨ ਸਿੰਘ ਜੀ 24 ਸਾਲ ਰਹਿ ਚੁੱਕਾ ਸੇਵਾਦਾਰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ " । ਉਹਨਾਂ ਲਈ ਇਹ ਬੜੇ ਮਾਣ ਵਾਲੀ ਗੱਲ ਸੀ; ਪਰ, ਇਸ ਲਈ ਨਹੀਂ ਸੀ ਕਿ ਉਨ੍ਹਾਂ ਨੂੰ ਉੱਥੇ ਬਹੁਤ ਦੁਨਿਆਵੀ ਅਤੇ ਸਰੀਰਕ ਅਰਾਮ ਮਿਲਦਾ ਰਿਹਾ, ਸਗੋਂ ਇਸ ਲਈ ਸੀ ਕਿ ਉਹ ਸਾਰਾ ਸਮਾਂ ਗੁਰਬਾਣੀ ਸੁਣਦੇ, ਵੀਚਾਰਦੇ ਅਤੇ ਉਸ ਉੱਤੇ ਅਮਲ ਕਰਦੇ ਰਹੇ । ਭਗਤ ਜੀ ਆਪਣੇ ਰੈਣ ਬਸੇਰੇ ਬਾਰੇ ਇਕ ਥਾਂ ਲਿਖਦੇ ਹਨ ਕਿ "ਉਹ ਤੇ ਪਿਆਰਾ ਸਿੰਘ ਜਿਸ ਤੋਂ ਪਿੰਗਲਵਾੜਾ ਹੋਂਦ ਵਿਚ ਆਇਆ, ਇਕ ਟੀਨ ਦੇ ਛੱਤਨੇ ਥੱਲੇ ਰਹਿੰਦੇ ਸੀ ਜਿਸ ਵਿਚ ਮੋਰੀਆਂ ਸਨ ਤੇ ਸਰਦੀਆਂ ਵਿਚ ਸਾਡੇ 'ਤੇ ਤਰੇਲ ਪੈਂਦੀ ਰਹਿੰਦੀ ਸੀ ।" ਗੁਰਦੁਆਰਿਆਂ ਵਿਚੋਂ ਜੋ ਵੀ ਗਿਆਨ ਪ੍ਰਾਪਤ ਹੋਇਆ ਉਹ ਅਨਮੋਲ ਸੀ । ਉਸ ਗਿਆਨ ਨੂੰ ਪ੍ਰਾਪਤ ਕਰਕੇ ਉਹਨਾਂ ਦਾ ਹਿਰਦਾ ਰੱਬ ਦਾ ਸ਼ੁਕਰਾਨਾ ਕਰਦਾ ਨਾ ਥੱਕਦਾ । ਉਹਨਾਂ ਦੀ ਦਿਲੀ ਇੱਛਾ ਸੀ ਕਿ ਜੋ ਗਿਆਨ ਉਹਨਾਂ ਨੂੰ ਪ੍ਰਾਪਤ ਹੋਇਆ ਹੈ ਉਹ ਸੰਗਤਾਂ ਤਕ ਪਹੁੰਚਾਉਣ । ਉਹਨਾਂ ਨੇ ਆਪਣੇ ਵਲਵਲੇ ਤੇ ਜਜ਼ਬੇ ਇਸ਼ਤਿਹਾਰਾਂ ਵਿਚ ਛਾਪ ਕੇ ਲੱਖਾਂ ਦੀ ਗਿਣਤੀ ਵਿਚ ਵੰਡੇ । ਇਹਨਾਂ ਇਸ਼ਤਿਹਾਰਾਂ ਵਿਚ ਜਿੱਥੇ ਦੇਸ਼ ਤੇ ਦੁਨੀਆਂ ਨੂੰ ਦਰਪੇਸ਼ ਖ਼ਤਰਿਆਂ, ਜਿਵੇਂ ਪਹਾੜਾਂ ਵਿਚੋਂ ਉਪਜਾਊ ਮਿੱਟੀ ਦਾ ਖੁਰ ਖੁਰ ਕੇ ਡੈਮਾਂ ਦਾ ਭਰਨਾ, ਜੰਗਲਾਂ ਦੀ ਅੰਨ੍ਹੇਵਾਹ ਕਟਾਈ ਨਾਲ ਸੋਕੇ ਤੇ ਹੜ੍ਹਾਂ ਦਾ ਆਉਣਾ, ਮਾਰੂਥਲਾਂ ਦਾ ਵਧਣਾ, ਪੈਟਰੋਲ ਅਤੇ ਡੀਜ਼ਲ ਦੀ ਅੰਨ੍ਹੇਵਾਹ ਵਰਤੋਂ ਨਾਲ ਹਵਾ ਦਾ ਪ੍ਰਦੂਸ਼ਤ ਹੋਣਾ ਆਦਿ ਤੋਂ ਵੀ ਜਾਣੂ ਕਰਵਾਇਆ ਗਿਆ ਹੈ ਉੱਥੇ ਮਨੁੱਖਤਾ ਦੇ ਭਲੇ ਲਈ ਮਨੁੱਖ ਨੂੰ ਸੁਚੱਜੇ ਢੰਗ ਨਾਲ ਜਿਊਣ ਦਾ ਢੰਗ, ਦਇਆ, ਧਰਮ, ਸਬਰ, ਸੰਤੋਖ ਅਤੇ ਆਪਾ ਵਾਰਨ ਵਰਗੇ ਭਰਪੂਰ ਤਰੀਕਿਆਂ ਨੂੰ ਵੀ ਦਰਸਾਇਆ ਗਿਆ ਹੈ। ਗੁਰੂ ਸਾਹਿਬਾਨ ਦੀਆਂ ਜੀਵਨ ਸਾਖੀਆਂ ਦੀਆਂ ਮਿਸਾਲਾਂ ਸਾਡੇ ਸਾਹਮਣੇ ਰੱਖੀਆਂ ਹਨ । ਇਹ ਕਿਤਾਬਚਾ ਭਗਤ ਜੀ ਦੇ ਇਸ਼ਤਿਹਾਰਾਂ ਦਾ ਸੰਗ੍ਰਹਿ ਹੈ।

ਪਹਿਲਾ ਇਸ਼ਤਿਹਾਰ "ਪ੍ਰਾਣੀ-ਮਾਤਰ ਦੀ ਭਲਾਈ ਦੇ ਕੰਮਾਂ ਲਈ ਆਪਣੇ ਸਰੀਰ ਨੂੰ ਹਰਟ ਦੀ ਮਸ਼ੀਨਰੀ ਬਣਾ ਕੇ ਉਸ ਵਿਚ ਆਪਣਾ 'ਮਨ ਜੋਵਹੁ' ਦਿਲ ਨੂੰ ਟੁੰਬਣ ਵਾਲਾ ਅਤੇ ਤਰੰਗ ਛੇੜਨ ਵਾਲਾ ਖ਼ਿਆਲ ਹੈ ।

ਗੁਰੂ ਨਾਨਕ ਦੇਵ ਜੀ ਦਾ ਬਸੰਤ ਰਾਗ ਦਾ ਸ਼ਬਦ ਇਸ ਤਰ੍ਹਾਂ ਹੈ :-

ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥
ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥

(ਅੰਗ ੧੧੭੧)

ਅਰਥਾਤ-"ਹੇ ਭਾਈ ਆਪਣੇ ਹੱਥਾਂ ਨੂੰ (ਹੱਥੀਂ ਸੇਵਾ ਨੂੰ ) ਹਰਟ ਮਾਹਲ ਤੇ ਟਿੰਡਾਂ ਆਦਿਕ ਬਣਾਓ ਅਤੇ ਮਨ ਬਲਦ ਨੂੰ ਇਹ ਹਰਟ ਅੱਗੇ ਜੋਵਹੁ । ਇਸ



ਤਰ੍ਹਾਂ ਨਾਮ ਰੂਪੀ ਅੰਮ੍ਰਿਤ ਨਾਲ ਅੰਤਹਕਰਣ ਨੂੰ ਭਰੋ । ਭਗਤ ਜੀ ਸੇਵਕਾਂ ਦਾ ਧਿਆਨ ਹੱਥੀਂ ਸੇਵਾ ਦੀ ਪ੍ਰਧਾਨਤਾ ਵੱਲ ਵਿਸ਼ੇਸ਼ ਕਰਾਉਣਾ ਚਾਹੁੰਦੇ ਸਨ; ਕਿਉਂਕਿ ਇਸ ਸੇਵਾ ਦਾ ਅਸਰ ਮਨ ਨੂੰ ਗ਼ਰੀਬੀ ਤੇ ਨਿਮਰਤਾ ਭਾਵ ਵਿਚ ਰੱਖਣ ਲਈ ਅਤਿ ਜ਼ਰੂਰੀ ਹੈ । ਇਹੀ ਕਾਰਣ ਹੈ ਭਾਈ ਨੰਦ ਲਾਲ ਜੀ ਜੋ ਚੋਟੀ ਦੇ ਸਿੱਖ ਵਿਦਵਾਨ ਸਨ, ਸੰਗਤਾਂ ਦੇ ਜੋੜੇ ਝਾੜਦੇ ਸਨ । ਜਦੋਂ ਬਾਦਸ਼ਾਹ ਬਹਾਦਰ ਸ਼ਾਹ ਨੇ ਇਸ ਬਾਬਤ ਪੁੱਛਿਆ ਤਾਂ ਉਹਨਾਂ ਨੇ ਉੱਤਰ ਦਿੱਤਾ "ਮੈਂ ਆਪਣੀ ਅਖੌਤੀ ਵਿਦਵਤਾ ਦਾ ਹੰਕਾਰ ਗੁਰੂ ਘਰ ਦੀ ਬਖ਼ਸ਼ੀ ਇਸ ਸੇਵਾ ਦੁਆਰਾ ਸਾਧਾਂ ਦੀ ਧੂੜੀ ਵਿਚ ਰੁਲ ਕੇ ਤੋੜ ਰਿਹਾ ਹਾਂ ।"

ਭਗਤ ਜੀ ਜਿੱਥੇ ਨਿਆਸਰਿਆਂ ਦਾ ਆਸਰਾ ਬਣੇ, ਉੱਥੇ ਉਹ ਮਨੁੱਖਤਾ ਦੇ ਜੀਵਨ ਰਾਹ ਵਿਚ ਆਉਣ ਵਾਲੀਆਂ ਸਭ ਔਕੜਾਂ ਬਾਰੇ ਪਹਿਲਾਂ ਆਪ ਜਾਗਰੂਕ ਹੁੰਦੇ ਤੇ ਫਿਰ ਆਪਣੀ ਸਾਰੀ ਸ਼ਕਤੀ ਤੇ ਵਸੀਲੇ ਉਸ ਦਾ ਹੱਲ ਲੱਭਣ ਲਈ ਵਰਤਦੇ। ਆਪਣੇ ਸਰੀਰ ਦੀ ਉੱਕਾ ਪਰਵਾਹ ਨਾ ਕਰਦੇ । ਇਸ ਤਰ੍ਹਾਂ ਆਪਾ ਵਾਰਨ ਦੀ ਅਥਾਹ ਸ਼ਕਤੀ ਉਹਨਾਂ ਵਿਚ ਸੀ ਅਤੇ ਉਸ ਦਾ ਸੋਮਾ ਸੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ । ਉਹ ਲਿਖਦੇ ਹਨ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਬੰਦੇ ਨੂੰ ਸੰਸਾਰ ਭਰ ਦੇ ਹਾਲਾਤ ਤੇ ਸੰਸਾਰ ਦੇ ਕੁੱਲ ਜੀਵਾਂ ਦੇ ਦੁੱਖਾਂ ਸੁੱਖਾਂ ਬਾਰੇ ਸੋਚਣ ਤੇ ਸੰਸਾਰ ਦੇ ਹਾਲਾਤ ਨੂੰ ਹਰ ਪੱਖੋਂ ਠੀਕ ਕਰਨ ਦਾ ਆਗੂ ਬਣਨ ਦੇ ਰਾਹ ਤੋਰਨ ਵਾਲੀ ਰੱਬੀ ਬਾਣੀ ਹੈ । ਜਦ ਕਿਸੇ ਬੰਦੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਲੋੜੀਂਦਾ ਗਿਆਨ ਹੋ ਜਾਵੇ ਤਾਂ ਮਨੁੱਖੀ ਕਰਤੱਵਾਂ ਦੇ ਤੌਰ 'ਤੇ ਅਣਗਿਣਤ ਕੰਮਾਂ ਨੂੰ ਕਰਦੇ ਹੋਏ ਜੋ ਉਸਦਾ ਹਾਲ ਹੁੰਦਾ ਹੈ ਉਸ ਹਾਲ ਨੂੰ ਭਾਈ ਗੁਰਦਾਸ ਜੀ ਨੇ ਇੰਵ ਬਿਆਨ ਕੀਤਾ ਹੈ ।

ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ ।
ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ ।
ਗੋਲਾ ਮੁਲ ਖਰੀਦੁ ਕਾਰੇ ਜੋਵਣਾ ।
ਨਾ ਤਿਸ ਭੁਖ ਨ ਨੀਦ ਨ ਖਾਣਾ ਸੋਵਣਾ ।

ਭਾ: ਗੁ: ਦੀ ਵਾਰ ੩

ਗੁਰੂ ਸਾਹਿਬਾਨ ਨੇ ਜੋ ਬਾਣੀ ਵਿਚ ਸਾਨੂੰ ਉਪਦੇਸ਼ ਦਿੱਤੇ ਹਨ ਪਹਿਲਾਂ ਉਹਨਾਂ ਨੇ ਉਸ ਉਤੇ ਆਪਣੀ ਜ਼ਿੰਦਗੀ ਵਿਚ ਅਮਲ ਕੀਤਾ ਹੈ; ਜਿਵੇਂ ਗੁਰੂ ਤੇਗ਼ ਬਹਾਦਰ ਸਾਹਿਬ ਨੇ ਰੁੱਖ ਲਗਵਾਏ , ਚੰਗੀ ਨਸਲ ਦੀਆਂ ਗਊਆਂ ਵੰਡੀਆਂ, ਗ਼ਰੀਬਾਂ ਲਈ ਘਰ ਵੀ ਬਣਵਾਏ । ਗੁਰੂ ਅਰਜਨ ਦੇਵ ਜੀ ਨੇ ਕਾਲ ਅਤੇ ਹੈਜ਼ੇ ਵੇਲੇ ਮਰੀਜ਼ਾਂ ਦੀ ਹੱਥੀਂ ਸੇਵਾ ਤਰਨ ਤਾਰਨ ਕੀਤੀ ਅਤੇ ਆਪਣੇ ਹੱਥੀਂ ਸਸਕਾਰ ਕਰਵਾਏ। ਇਸ ਤਰ੍ਹਾਂ ਵਿਦਵਾਨਾਂ ਦੀਆਂ ਉਦਾਹਰਣਾਂ ਹਨ ਜੋ ਗੁਰਬਾਣੀ ਦੇ ਲੜ ਲੱਗਣ ਕਾਰਨ ਉੱਚੀਆਂ ਪਦਵੀਆਂ ਤੇ ਪਹੁੰਚੇ ; ਜਿਵੇਂ ਸੰਤ ਅਤਰ ਸਿੰਘ ਜੀ,

ਸੰਤ ਹਰਚੰਦ ਸਿੰਘ ਜੀ ਲੌਂਗੋਵਾਲ, ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਅਤੇ ਭਗਤ ਪੂਰਨ ਸਿੰਘ ਜੀ ।

ਭਗਤ ਪੂਰਨ ਸਿੰਘ ਜੀ ਨੇ ਤਾਂ ਦੁਨੀਆਂ ਦੇ ਫ਼ਿਕਰ ਦੀ ਕਮਾਲ ਹੀ ਕਰ ਦਿੱਤੀ । 1927 ਤੋਂ ਪਹਿਲਾਂ ਹੀ ਉਹਨਾਂ ਨੇ ਵਾਯੂ-ਮੰਡਲ ਅਤੇ ਪਾਣੀ ਦੇ ਪਲੀਤ ਹੋਣ ਬਾਰੇ ਲੇਖ ਪੜ੍ਹ ਲਏ ਸਨ । ਉਦੋਂ ਤੋਂ ਹੀ ਉਹਨਾਂ ਨੇ ਲੋਕਾਂ ਨੂੰ ਚੇਤਾਵਨੀ ਦੇਣੀ ਸ਼ੁਰੂ ਕਰ ਦਿੱਤੀ ਸੀ । ਸੀਮਤ ਸਾਧਨਾਂ ਕਰਕੇ ਸ਼ੁਰੂ ਸ਼ੁਰੂ ਵਿਚ ਗੱਤੇ 'ਤੇ ਲਿਖ ਕੇ ਚੌਂਕਾਂ ਵਿਚ ਢੰਡੋਰਾ ਦਿੰਦੇ । ਇਕ ਵਾਰੀ ਮੈਨੂੰ ਕਹਿਣ ਲੱਗੇ ਕਿ ਪਿੰਗਲਵਾੜੇ ਨਾਲੋਂ ਵੀ ਮੈਨੂੰ ਵਾਤਾਵਰਣ ਬਾਰੇ ਵੱਧ ਫ਼ਿਕਰ ਹੈ ਕਿਉਂਕਿ ਜੇ ਲੋਕਾਂ ਨੂੰ ਸਾਫ਼ ਹਵਾ, ਪਾਣੀ ਅਤੇ ਕੀਟ-ਨਾਸ਼ਕ ਦਵਾਈਆਂ ਰਹਿਤ ਖਾਣ ਦੀਆਂ ਚੀਜ਼ਾਂ ਨਾ ਮਿਲੀਆਂ ਤਾਂ ਬਿਮਾਰੀਆਂ ਵਧ ਜਾਣਗੀਆਂ ਅਤੇ ਬਹੁਤ ਸਾਰੇ ਹਸਪਤਾਲਾਂ ਅਤੇ ਪਿੰਗਲਵਾੜਿਆਂ ਦੀ ਲੋੜ ਪਵੇਗੀ ਜੋ ਕਿ ਲਗਪਗ ਅਸੰਭਵ ਹੈ। ਇਨ੍ਹਾਂ ਸਮੱਸਿਆਵਾਂ ਬਾਰੇ ਅਤੇ ਹੋਰ ਸਮਾਜਿਕ ਬੁਰਾਈਆਂ ਬਾਰੇ ਸਾਧਨ ਵਧਣ 'ਤੇ ਲੇਖਾਂ ਦੀ ਗਿਣਤੀ ਵਿਚ ਹੋਰ ਇਸ਼ਤਿਹਾਰ ਵੰਡ ਕੇ ਲੋਕਾਂ ਨੂੰ ਜਾਗਰੂਕ ਕਰਦੇ । ਭਗਤ ਜੀ ਇਕ ਲੇਖ ਵਿਚ ਲਿਖਦੇ ਹਨ ਕਿ ਇਹ ਸਾਰੇ ਸੇਵਾ ਦੇ ਕੰਮ ਕਰਨ ਲਈ ਮੈਨੂੰ ਗੁਰਦੁਆਰਾ ਡੇਹਰਾ ਸਾਹਿਬ ਵਰਗਾ ਅਸਥਾਨ ਮਿਲਿਆ । ਭਗਤ ਜੀ ਲਿਖਦੇ ਹਨ "ਸੇਵਾ ਦੇ ਸੰਸਕਾਰਾਂ ਦੀ ਤ੍ਰਿਪਤੀ ਕਰਦਿਆਂ ਹੋਇਆਂ ਮੈਨੂੰ ਗੁਰਦੁਆਰਾ ਡੇਹਰਾ ਸਾਹਿਬ ਦੀ ਵਲਗਣ ਅੰਦਰ ਆਤਮਾ ਦੀਆਂ ਖੁਸ਼ੀਆਂ ਦੀ ਅਗਾਧਿ ਮਸਤੀ ਚੜ੍ਹੀ ਰਹਿੰਦੀ ।" ਅੱਗੇ ਲਿਖਦੇ ਹਨ 'ਗੁਰਸਿੱਖੀ ਦੇ ਸਭਿਆਚਾਰ ਦੀ ਮਹਾਨਤਾ ਮੇਰੇ ਅੱਗੇ ਕਿਸ ਕਿਸ ਰੂਪ ਵਿਚ ਪ੍ਰਗਟ ਹੁੰਦੀ ਆਈ ਹੈ ਇਸ ਗੱਲ ਦਾ ਇਤਿਹਾਸ ਲੰਬਾ ਚੌੜਾ ਹੈ । ਮੈਂ ਚਾਹੁੰਦਾ ਹਾਂ ਕਿ ਮੈਂ ਉਸ ਇਤਿਹਾਸ ਨੂੰ ਲਿਖ ਕੇ ਤੇ ਘਰ ਘਰ ਮੁਫ਼ਤ ਵੰਡ ਕੇ ਗੁਰੂ ਘਰ ਦਾ ਰਿਣ ਲਾਹ ਸਕਾਂ ।'

ਸਾਧ ਸੰਗਤ ਜੀ, ਭਗਤ ਜੀ ਦੇ ਵਲਵਲਿਆਂ ਨੂੰ ਅਤੇ ਗੁਰਸਿੱਖੀ ਦੀ ਮਹਾਨਤਾ ਨੂੰ ਦਰਸਾਉਂਦੇ ਹੋਏ, ਭਗਤ ਜੀ ਦੇ ਲੇਖਾਂ ਨੂੰ ਸੰਗ੍ਰਹਿ ਕਰਕੇ ਇਹ ਕਿਤਾਬਚਾ ਤਿਆਰ ਕੀਤਾ ਹੈ ਤਾਂ ਜੋ ਅਸੀਂ ਕਿਣਕਾ-ਮਾਤਰ ਇਸ ਰਸਤੇ 'ਤੇ ਚੱਲ ਸਕੀਏ । ਸੰਗਤਾਂ ਅੱਗੇ ਬੇਨਤੀ ਹੈ ਕਿ ਇਹੋ ਜਿਹੇ ਕਾਰਜਾਂ ਲਈ ਦਿਲ ਖੋਲ੍ਹ ਕੇ ਮਾਇਆ ਦੇ ਗੱਫੇ ਭੇਜਿਆ ਕਰਨ ।

ਸੰਗਤਾਂ ਦੀ ਦਾਸ,

ਡਾ : ਇੰਦਰਜੀਤ ਕੌਰ,

ਪ੍ਰਧਾਨ,

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ: (ਰਜਿ.) ਅੰਮ੍ਰਿਤਸਰ।



ਪ੍ਰਾਣੀ-ਮਾਤਰ ਦੀ ਭਲਾਈ ਦੇ ਕੰਮਾਂ ਲਈ ਆਪਣੇ ਸਰੀਰ ਨੂੰ ਹਰਟ ਦੀ ਮਸ਼ੀਨਰੀ ਬਣਾ ਕੇ ਉਸ ਵਿਚ ਆਪਣਾ

# ਮਨੁ ਜੋਵਹੁ

ੴ ਸਤਿਗੁਰ ਪ੍ਰਸਾਦਿ ॥

ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥
ਅੰਮ੍ਰਿਤ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥੨ ॥
ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥
ਜਿਉ ਗੋਡਹੁ ਤਿਉ ਤੁਮ੍ਹ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥੩॥

(ਬਸੰਤ ਮਹਲਾ ੧) ਅੰਗ ੧੧੭੧

(ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਬਦ )

ਅਰਥਾਤ- ਹੇ ਭਾਈ, ਆਪਣੇ ਕਰਾਂ (ਹੱਥਾਂ ਨੂੰ ਹੱਥੀਂ ਸੇਵਾ ਨੂੰ ) ਹਰਟ, ਮਾਹਲ ਤੇ ਟਿੰਡਾਂ ਆਦਿਕ ਬਣਾਉ ਤੇ ਮਨ ਬਲਦ ਨੂੰ ਇਸ ਹਲਟ ਅੱਗੇ ਜੋਵੋ । ਇਸ ਤਰ੍ਹਾਂ ਨਾਮ ਅੰਮ੍ਰਿਤ ਨਾਲ ਅੰਤਹਕਰਨ ਦੇ ਕਿਆਰਿਆਂ ਨੂੰ ਭਰੋ, ਫਿਰ ਹਰੀ ਮਾਲੀ ਦੇ ਬਣ ਜਾਉਗੇ । ਕਾਮ ਅਤੇ ਕਰੋਧ ਨੂੰ ਰੰਬੇ ਬਣਾਉ , ਅਰਥਾਤ -ਕਾਮ ਅਤੇ ਕਰੋਧ ਦੀ ਐਸੀ ਵਰਤੋਂ ਕਰੋ ਕਿ ਤੁਹਾਡੀ ਆਤਮਿਕ ਖੇਤੀ ਦੀ ਗੋਡੀ ਹੁੰਦੀ ਰਹੇ । ਉਹ ਕਿਵੇਂ ? "ਸ਼ੁਭ ਗੁਣ ਆਪਣੇ ਅੰਦਰ ਇਕੱਠੇ ਕਰਨ ਲਈ ਇਹਨਾਂ ਗੁਣਾਂ ਨਾਲ ਕਾਮ ਪਿਆਰ ਦੀ ਵਰਤੋਂ ਕਰੋ ਅਤੇ ਔਗੁਣ ਕੱਢਣ ਲਈ ਕਰੋਧ ਦੀ ਵਰਤੋਂ ਕਰੋ ਜਿਵੇਂ ਪੈਲੀ ਵਾਲਾ ਨਦੀਨ ਨੂੰ ਲਾਂਭੇ ਕਰਦਾ ਹੋਇਆ ਇਕ ਤਰ੍ਹਾਂ ਕਰੋਧ ਦੀ ਵਰਤੋਂ ਕਰਦਾ ਹੈ । ਜਿਵੇਂ ਜਿਵੇਂ ਤੁਸੀਂ ਗੋਡੋਗੇ ਤਿਵੇਂ ਤਿਵੇਂ ਸੁਖ ਹੀ ਸੁਖ ਪਾਉਗੇ। ਇਸ ਤਰ੍ਹਾਂ ਦੀ ਕੀਤੀ ਕਮਾਈ ਕਦੇ ਨਿਸਫਲ ਨਹੀਂ ਜਾਵੇਗੀ।" ਉਤਲੀਆਂ ਤੁਕਾਂ ਦਾ ਸੰਖੇਪ ਭਾਵ ਇਹ ਹੈ ਕਿ ਜਦ ਮਨ ਬਲਦ ਨੂੰ ਰੱਬ ਦੇ ਕੰਮਾਂ ਵਿਚ ਲਾ ਕੇ ਉਹਨਾਂ ਕੰਮਾਂ ਨੂੰ ਹੱਥੀਂ ਸੇਵਾ ਰਾਹੀਂ, ਸਿਰੇ ਚਾੜ੍ਹਿਆ ਜਾਂਦਾ ਹੈ ਤਾਂ ਹਿਰਦੇ ਦੇ ਕਿਆਰੇ ਆਤਮਿਕ ਗੁਣਾਂ ਰੂਪੀ ਅੰਮ੍ਰਿਤ ਨਾਲ ਭਰ ਜਾਂਦੇ ਹਨ ਤੇ ਜੀਵਨ ਨੂੰ ਹਰਾ ਭਰਾ ਕਰ ਦਿੰਦੇ ਹਨ ।

ਗੁਰੂ ਸਾਹਿਬ ਨੇ ਏਥੇ ਜੀਵਨ ਨੂੰ ਸਫਲ, ਸੁਖਦਾਈ ਤੇ ਹਰਿਆ ਭਰਿਆ ਕਰਨ ਲਈ ਖੇਤੀ ਦਾ ਅਲੰਕਾਰ ਵਰਤਿਆ ਹੈ । ਜੀਵਨ ਖੇਤੀ ਨੂੰ ਪਾਣੀ ਦੇਣ ਲਈ ਹੱਥਾਂ ਨੂੰ ਹਰਟ ਸਮੇਤ ਇਸ ਨਾਲ ਲੱਗੀ ਮਾਹਲ ਤੇ ਟਿੰਡਾਂ ਬਣਾਇਆ ਹੈ । ਹੱਥ ਸੇਵਾ ਦਾ ਚਿੰਨ੍ਹ ਹਨ । ਹੱਥਾਂ ਦੀ ਸੇਵਾ ਵਿਚ ਲੱਗੇ ਸੇਵਕ ਦਾ ਧਿਆਨ ਉਹ ਹੱਥੀਂ ਸੇਵਾ ਦੀ ਪ੍ਰਧਾਨਤਾ ਵੱਲ ਵਿਸ਼ੇਸ਼ ਕਰਾਉਣਾ ਚਾਹੁੰਦੇ ਹਨ, ਕਿਉਂਕਿ ਇਸ ਸੇਵਾ ਦਾ ਅਸਰ ਮਨ ਨੂੰ ਗ਼ਰੀਬੀ ਤੇ ਨਿਮਰਤਾ ਭਾਵ ਵਿਚ ਰੱਖਣ ਲਈ ਡੂੰਘਾ ਹੈ ਤੇ ਲੰਮਾ ਸਮਾਂ ਰਹਿੰਦਾ ਹੈ । ਇਸ ਵਿਚ ਸਾਦਗੀ ਹੈ, ਗੰਭੀਰਤਾ ਹੈ, ਇਮਾਨਦਾਰੀ ਹੈ, ਵਿਖਾਲੇ




ਤੇ ਦੰਭ ਦੀ ਗੁੰਜਾਇਸ਼ ਬਹੁਤ ਘੱਟ ਹੈ । *"ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥"* (ਅੰ: ੭੪੯) ਸ਼ਬਦ ਵਿਚ ਮਹਾਰਾਜ ਹੱਥੀਂ ਸੇਵਾ ਦੀ ਮਹਾਨਤਾ ਨੂੰ ਦ੍ਰਿੜ੍ਹ ਕਰਾ ਰਹੇ ਹਨ । ਉਹ ਭਾਈ ਲਾਲੋ ਦੇ ਪਿਆਰੇ ਇਸ ਕਰਕੇ ਵੀ ਸਨ ਕਿ ਭਾਈ ਜੀ ਹੱਥੀਂ ਕਿਰਤ ਨਾਲ ਆਪਣੀ ਰੋਟੀ ਬਣਾਉਂਦੇ ਸਨ । ਇਸ ਰੋਟੀ ਵਿਚੋਂ ਉਹ ਦੁੱਧ ਵੇਖਦੇ ਸਨ ਤੇ ਪੂੰਜੀਪਤੀ ਮਲਕ ਭਾਗੋ ਦੀਆਂ ਪੂੜੀਆਂ ਵਿਚੋਂ ਉਹਨਾਂ ਨੂੰ ਲਹੂ ਨਿਕਲਦਾ ਦਿੱਸਦਾ ਸੀ । ਦਸਾਂ ਨਹੁੰਆਂ ਦੀ ਕਮਾਈ ਨਾਲ ਆਪਣਾ ਪਸੀਨਾ ਡੋਲ੍ਹ ਕੇ ਕਮਾਈ ਰੋਟੀ ਦਾ ਮੁੱਲ ਹੋਰ ਹੈ ਤੇ ਬਣੀਆਂ ਬਣਾਈਆਂ ਜਾਇਦਾਦਾਂ



ਪ੍ਰਾਪਤ ਕਰਕੇ ਐਸ਼ੋ ਇਸ਼ਰਤ ਦਾ ਜੀਵਨ ਪਸ਼ੂਆਂ ਦਾ ਜੀਵਨ ਹੈ ।

**ਘਾਲਿ ਖਾਇ ਕਿਛੁ ਹਥਹੁ ਦੇਇ ॥**

**ਨਾਨਕ ਰਾਹੁ ਪਛਾਣਹਿ ਸੇਇ ॥**

ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹੈ (ਸਾਰੰਗ ਕੀ ਵਾਰ ਮ : ੧)ਅੰਗ ੧੨੪੫

ਅਰਥਾਤ-ਜੋ ਲੋਕ ਘਾਲ ਕੇ ਕਮਾਉਂਦੇ ਤੇ ਮੁੜ ਖਾਂਦੇ ਹਨ ਤੇ ਉਸ ਕਮਾਈ ਵਿਚ ਦੂਜਿਆਂ ਨੂੰ ਹਿੱਸੇਦਾਰ ਬਣਾਉਂਦੇ ਹਨ, ਉਨ੍ਹਾਂ ਨੇ ਹੀ ਧਰਮ ਦਾ ਰਾਹ ਲੱਭਿਆ ਹੁੰਦਾ ਹੈ ।

ਭਾਈ ਨੰਦ ਲਾਲ ਜੀ ਵਰਗੇ ਚੋਟੀ ਦੇ ਸਿੱਖ ਵਿਦਵਾਨ ਨੂੰ ਸਾਧ ਸੰਗਤ ਦੇ ਜੋੜੇ ਝਾੜਦਿਆਂ ਵੇਖ ਕੇ ਦੁਨੀਆਂ ਹੈਰਾਨ ਹੁੰਦੀ ਸੀ ਕਿ ਗੁਰੂ ਘਰ ਵਿਚ ਵਿਦਵਾਨਾਂ ਨੂੰ ਕੀ ਮਾਣ ਮਿਲਦਾ ਹੈ ? ਬਾਦਸ਼ਾਹ ਬਹਾਦਰ ਸ਼ਾਹ ਨੇ ਭਾਈ ਜੀ ਤੋਂ ਇਸ ਬਾਬਤ ਪੁੱਛਿਆ ਵੀ ਸੀ । ਭਾਈ ਜੀ ਦਾ ਉੱਤਰ ਸੀ ਕਿ ਕੁੱਤਾ ਮਾਲਕ ਦੀ ਰੋਟੀ ਵੱਲ ਤੱਕਦਾ ਰਹਿੰਦਾ ਹੈ । ਮੈਂ ਵੀ ਗੁਰੂ ਘਰ ਦਾ ਭਿਖਾਰੀ ਹਾਂ ਤੇ ਆਪਣੇ ਕਿਸੇ ਅਖੌਤੀ ਵਿਦਵਤਾ ਦਾ ਹੰਕਾਰ ਗੁਰੂ-ਘਰ ਦੀ ਬਖ਼ਸ਼ੀ ਇਸ ਸੇਵਾ ਦੁਆਰਾ ਸਾਧਾਂ ਦੀ ਧੂੜੀ ਵਿਚ ਰੁਲ ਕੇ ਤੋੜ ਰਿਹਾ ਹਾਂ ।

ਸ: ਕਪੂਰ ਸਿੰਘ ਨਵਾਬੀ ਦੇ ਯੋਗ ਇਸ ਲਈ ਸਮਝੇ ਗਏ ਸਨ ਕਿਉਂਕਿ ਉਹ ਸੰਗਤਾਂ ਦੀ ਹੱਥੀਂ ਸੇਵਾ ਕਰਕੇ ਮਨ ਦੀ ਸਾਰੀ ਮੈਲ ਧੋ ਬੈਠੇ ਸਨ । ਉਹਨਾਂ ਲਈ ਜੋ ਸਵਾਦ ਹੱਥੀਂ ਸੇਵਾ ਵਿਚ ਸੀ ਉਹ ਨਵਾਬੀ ਵਿਚ ਨਹੀਂ ਸੀ । ਨਵਾਬੀ ਦੀ ਸੇਵਾ ਦੀ ਜ਼ਿੰਮੇਵਾਰੀ ਉਨ੍ਹਾਂ ਨੇ ਉਦੋਂ ਹੀ ਮੰਨੀ ਸੀ ਜਦੋਂ ਇਹ ਗੱਲ ਪਹਿਲਾਂ ਮੰਨਵਾ ਲਈ ਗਈ ਸੀ ਕਿ ਲੋੜਵੰਦਾਂ ਦੀ ਸੇਵਾ ਉਹਨਾਂ ਦੇ ਹੱਥਾਂ ਵਿਚ ਹੀ ਰਹੇਗੀ। ਦਸਮੇਸ਼ ਜੀ ਨੇ ਆਪਣੇ ਸੇਵਕ ਨੂੰ ਪਾਣੀ ਲਈ ਅਵਾਜ਼ ਦਿੱਤੀ । ਸੇਵਕ ਹਾਜ਼ਰ ਨਹੀਂ ਸੀ ਤੇ ਪਾਸ ਖੜ੍ਹਾ ਇਕ ਗੱਭਰੂ ਪਾਣੀ ਲੈ ਆਇਆ । ਉਸ ਦੇ ਕੂਲੇ ਹੱਥਾਂ ਨੂੰ ਵੇਖ ਕੇ ਗੁਰੂ ਸਾਹਿਬ ਨੇ ਸਮਝ ਲਿਆ ਕਿ ਉਸ ਨੇ ਕਦੇ ਹੱਥੀਂ ਸੇਵਾ ਨਹੀਂ ਕੀਤੀ ਤੇ ਉਨ੍ਹਾਂ ਨੇ ਉਸ ਤੋਂ ਪਾਣੀ ਅੰਗੀਕਾਰ ਕਰਨੋਂ ਇਨਕਾਰ ਕਰ ਦਿੱਤਾ, ਕਿਉਂਕਿ ਉਹ ਹੱਥੀਂ ਸੇਵਾ ਨੂੰ ਸਿੱਖਾਂ ਦੇ ਮੁਹਰੇ ਰੱਖਣਾ ਚਾਹੁੰਦੇ ਸਨ । ਪੱਖੇ ਝੱਲਣ ਦੀਆਂ ਸਿੱਖੀ ਰਵਾਇਤਾਂ ਇਸੇ ਗੱਲ ਨੂੰ ਮੁੱਖ ਰੱਖ ਕੇ ਚਾਲੂ ਕੀਤੀਆਂ ਗਈਆਂ ਸਨ । ਇਸ ਗੱਲ ਦਾ ਅਰਥ ਇਹ ਨਹੀਂ ਕਿ ਹੋਰਨਾਂ ਖੇਤਰਾਂ ਦਾ ਮੁੱਲ ਘੱਟ ਹੈ । ਗੁਰੂ ਸਾਹਿਬ ਚਾਹੁੰਦੇ ਸਨ ਕਿ ਸੇਵਕ ਸੇਵਾ ਦੇ ਹਰ ਮੈਦਾਨ ਵਿਚ ਨਿਸ਼ਕਾਮ ਤੇ ਗ਼ਰੀਬੀ ਭਾਵਨਾ ਨੂੰ ਨਾਲ ਲੈ ਕੇ ਚਲੇ :-

**ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ॥**

**ਅੰਗ ੨੮੬**

ਇਸੇ ਲਈ ਅਲੰਕਾਰ ਰੂਪ ਵਿਚ ਮਨ ਬਲਦ ਬਣਾਇਆ ਹੈ । ਇਸੇ ਮਨ ਨੇ ਹੀ ਹੱਥੀਂ ਸੇਵਾ ਰੂਪੀ ਹਰਟ ਨੂੰ ਚਾਲੂ ਕਰਨਾ ਹੈ, ਇਸ ਨੂੰ ਧੰਦਾ ਨਹੀਂ ਸਮਝਣਾ, ਇਸ ਵਿਚੋਂ ਅਨੰਦ ਕੱਢਣਾ ਹੈ, ਇਸ ਨੂੰ ਆਪਣੀ ਕਲਿਆਣ ਦਾ ਕਾਰਨ ਸਮਝਣਾ

ਹੈ । ਇਸ ਮਨ ਨੇ ਹੀ ਨਾਮ ਅੰਮ੍ਰਿਤ ਨਾਲ ਆਪਣੇ ਅੰਤਹਕਰਨ ਦੇ ਕਿਆਰੇ ਭਰਪੂਰ ਕਰ ਦੇਣੇ ਹਨ ਤਾਂ ਜੋ ਖੇਤੀ ਹਰੀ ਭਰੀ ਹੋ ਜਾਵੇ । ਧਰਤੀ ਕਾਇਆਂ ਨੂੰ ਸੋਧਣ ਦਾ ਕੰਮ ਮਹਾਰਾਜ ਨੂੰ ਵਿਸਰਿਆ ਨਹੀਂ ਹੈ । ਅਲੰਕਾਰ ਵਿਚ ਗੋਡੀ ਲਈ ਕਾਮ, ਕਰੋਧ ਦੇ ਦੋ ਰੰਬੇ ਬਣਾਏ ਹੋਏ ਹਨ, ਜਿਵੇਂ ਧਰਤੀ ਗੋਡਣ ਸਮੇਂ ਧਰਤੀ ਨਾਲ ਪਿਆਰ (ਕਾਮ) ਤੇ ਨਦੀਨ ਨਾਲ ਕਰੋਧ ਘਿਰਣਾ ਦੀ ਵਰਤੋਂ ਕੀਤੀ ਜਾਂਦੀ ਹੈ ਤਿਵੇਂ ਕਾਇਆ ਧਰਤੀ ਸ਼ੁੱਧ ਬਣਾਉਣ ਲਈ ਚੰਗੇ ਗੁਣਾਂ ਦਾ ਪਿਆਰ ਤੇ ਅਵਗੁਣਾਂ ਲਈ ਘਿਰਣਾ ਦੀ ਵਰਤੋਂ ਕੀਤੀ ਜਾਂਦੀ ਹੈ । ਗੁਰੂ ਸਾਹਿਬ ਜਾਣਦੇ ਸਨ ਕਿ ਸ਼ੁੱਧ ਅੰਤਹਕਰਨ ਵਿਚ ਹੀ ਸੱਚ ਸਰੂਪ ਹਰੀ ਟਿਕ ਸਕਦਾ ਹੈ :- "**ਸੁਚਿ ਹੋਵੈ ਤਾ ਸਚੁ ਪਾਈਐ ॥" ਅੰਗ ੪੭੨**

## ਭਾਰਤੀਆਂ ਦਾ ਨਵੇਕਲਾ ਮਨ

"ਕਿਸੇ ਸਮੇਂ ਸਾਡੇ ਭਾਰਤੀਆਂ ਪਾਸ ਇਕ ਐਸੀ ਵਸਤੂ ਹੁੰਦੀ ਸੀ ਜਿਸ ਨੂੰ ਅਸੀਂ ਆਪਣਾ ਨਵੇਕਲਾ ਮਨ ਕਹਿ ਸਕਦੇ ਹਾਂ । ਤਦੋਂ ਇਹ ਮਨ ਜਿਊਂਦਾ ਜਾਗਦਾ ਸੀ । ਇਹ ਸੋਚਦਾ ਸੀ, ਇਹ ਆਪਣਾ ਆਪ ਪ੍ਰਗਟਾਉਂਦਾ ਵੀ ਸੀ। ਇਹ ਬਾਹਰੋਂ ਪ੍ਰਭਾਵ ਕਬੂਲਦਾ ਸੀ ਤੇ ਨਾਲ ਹੀ ਉਸਾਰੂ ਹੋ ਜਾਂਦਾ ਸੀ। ਇਹ ਗੱਲ ਕਿ ਸਾਡੇ ਮਨ ਦਾ ਵੀ ਕੋਈ ਲਾਭ ਹੈ, ਸਾਡੀ ਵਿੱਦਿਆ ਪ੍ਰਾਪਤੀ ਦੇ ਦੌਰਾਨ (ਕਾਰਜ ਵਿਚ) ਜਾਂ ਇਸ ਦੇ ਅੰਤ 'ਤੇ ਸਾਡੇ ਮੌਜੂਦਾ ਆਧੁਨਿਕ ਵਿਦਿਅਕ ਪ੍ਰਬੰਧ ਵਿਚ ਅੱਖੋਂ ਓਹਲੇ ਕਰ ਦਿੱਤੀ ਗਈ ਹੈ । ਸਾਡੀਆਂ ਇਮਾਰਤਾਂ ਹਨ, ਪੁਸਤਕਾਂ ਹਨ ਤੇ ਕਈ ਹੋਰ ਸ਼ਾਨਦਾਰ ਅਡੰਬਰ ਹਨ ਜੋ ਸਾਡੇ ਮਨ ਨੂੰ ਕੇਵਲ ਦਬਾਉਣ ਦਾ ਹੀ ਕੰਮ ਕਰਦੇ ਹਨ । ਇਸ ਮਨ ਨੂੰ ਤਾਂ ਹੁਣ ਇਉਂ ਸਮਝਿਆ ਜਾਂਦਾ ਹੈ ਕਿ ਮਾਨੋਂ ਲਾਇਬਰੇਰੀ ਦੀ ਇਕ ਲੱਕੜੀ ਦੀ ਅਲਮਾਰੀ ਹੀ ਹੈ ਜਿਸ ਵਿਚ ਚਮੜਾ ਜਿਲਦ-ਸੈਂਚੀਆਂ ਸਾਨੂੰ ਬਾਸੀ ਜਿਹੀ ਜਾਣਕਾਰੀ ਦੇਣ ਲਈ ਰੱਖੀਆਂ ਜਾਂਦੀਆਂ ਹਨ । ਸਿੱਟਾ ਇਹ ਹੋਇਆ ਹੈ ਕਿ ਇਸ ਮਨ ਦੀ ਰੂਪ ਰੇਖਾ ਤੇ ਇਸ ਦਾ ਰੰਗ ਹੀ ਹੁਣ ਉੱਡ ਗਏ ਹਨ । ਇਸ ਨੇ ਮਾਨੋਂ ਕਿਸੇ ਰੰਗ ਸਾਜ਼ ਦੀ ਦੁਕਾਨ ਤੋਂ ਨਵਾਂ ਮਾਂਗਵਾਂ ਪਾਲਿਸ਼ ਲੈ ਆਂਦਾ ਹੋਇਆ ਹੈ । ਇਸ ਬਾਰੇ ਵਿਦਿਅਕ ਅਡੰਬਰ ਉੱਤੇ ਅਸਾਂ ਧਨ ਗਵਾਇਆ ਹੈ ਅਤੇ ਨਾਲ ਹੀ ਆਪਣੇ ਸੂਖਮ ਖ਼ਿਆਲ । ਇਸ ਤੋਂ ਜੋ ਦਿਮਾਗ਼ੀ ਖ਼ਾਲੀਪਨ ਉਪਜਿਆ ਹੈ ਉਸ ਨੂੰ ਅਸਾਂ ਐਸੀ ਚੀਜ਼ ਨਾਲ ਜਿਸ ਨੂੰ ਸਰਕਾਰੀ ਰਿਪੋਰਟਾਂ ਵਿਚ ਵਿੱਦਿਆ ਆਖਿਆ ਜਾਂਦਾ ਹੈ, ਭਰਿਆ ਹੈ । ਸੱਚੀ ਗੱਲ ਇਹ ਹੈ ਕਿ ਅਸਾਂ ਮਾਨੋ ਆਪਣੀਆਂ ਅੱਖਾਂ ਦੇ ਕੇ ਐਨਕਾਂ ਖ਼ਰੀਦੀਆਂ ਹਨ ।

-ਮਹਿਰਿਸ਼ੀ ਰਾਬਿੰਦਰ ਨਾਥ ਟੈਗੋਰ



## ਭਾਰਤੀਆਂ ਦਾ ਆਪਣਾ ਨਵੇਕਲਾ ਰਚਨਾਤਮਿਕ ਮਨ ਕਿਵੇਂ ਬਣਦਾ ਸੀ ਇਸ ਗੱਲ ਨੂੰ ਟੈਗੋਰ ਜੀ ਨੇ ਇੰਵ ਸਮਝਾਇਆ ਹੈ

# ਜੰਗਲ ਵਾਸੀਆਂ ਦਾ ਧਰਮ

"ਇਸ ਵੱਡੀ ਦੁਨੀਆਂ ਦੇ ਸਨਮੁੱਖ ਅਸੀਂ ਖੜ੍ਹੇ ਹਾਂ । ਸਾਡੇ ਜੀਵਨ ਦੀ ਸੱਚਾਈ ਕੀ ਹੈ ? ਇਸਦੇ ਉੱਤਰ ਦਾ ਨਿਰਭਰ ਸਾਡੇ ਆਪਣੇ ਹੀ ਮਨ ਦੇ ਇਸ ਵੱਲ ਰਵੱਈਏ ਤੋਂ ਮਿਲੇਗਾ ; ਉਹ ਰਵੱਈਆ ਜੋ ਉਪਜਦਾ ਹੈ ਸਾਡੇ ਇਸ ਵੱਲ ਵਰਤਾਓ ਦੀ ਆਦਤ ਤੋਂ ਜਿਹੜਾ ਕਿ ਸਾਡੇ ਆਲੇ-ਦੁਆਲੇ ਦੇ ਖ਼ਾਸ ਹਾਲਾਤ ਅਤੇ ਸਾਡੇ ਸੁਭਾਵਾਂ ਅਨੁਸਾਰ ਹੀ ਹੁੰਦਾ ਹੈ । ਇਹੋ ਸਾਡੇ ਯਤਨਾਂ ਦੀ ਅਗਵਾਈ ਕਰਦਾ ਹੈ ਕਿ ਅਸੀਂ ਸੰਸਾਰ ਨਾਲ ਆਪਣੇ ਸੰਬੰਧ ਸੰਸਾਰ ਨੂੰ ਆਪਣੇ ਤਾਬਿਆ ਕਰਨ ਲਈ ਬਣਾਉਂਦੇ ਹਾਂ ਜਾਂ ਇਸ ਨਾਲ ਏਕਤਾ ਦੀ ਸਾਂਝ ਪਾਉਣ ਲਈ ਅਰਥਾਤ ਇਸ ਉੱਤੇ ਆਪਣੀ ਤਾਕਤ ਖੜ੍ਹੀ ਕਰਨ ਲਈ ਜਾਂ ਇਸ ਨਾਲ ਹਮਦਰਦੀ ਬਣਾਉਣ ਲਈ ਅਤੇ ਇਸ ਤਰ੍ਹਾਂ ਆਪਣੀ ਜੀਵਨ ਦੀ ਹੋਂਦ ਦੀ ਸੱਚਾਈ ਪ੍ਰਾਪਤ ਕਰਦਿਆਂ, ਅਸੀਂ ਜਾਂ ਤਾਂ ਇਸ ਦੇ ਨਿਯਮ 'ਤੇ ਜ਼ੋਰ ਦੇ ਰਹੇ ਹੁੰਦੇ ਹਾਂ ਜਾਂ ਏਕਤਾ ਦੇ ਨਿਯਮ 'ਤੇ । ਭਾਰਤ ਦੇ ਦਾਨਿਆਂ ਨੇ ਉਪਨਿਸ਼ਦਾਂ ਵਿਚ ਫੈਸਲਾ ਦਿੱਤਾ ਹੈ ਕਿ ਸਾਡੀ ਆਤਮਾ ਦਾ ਕਲਿਆਣ ਇਸ ਦੀ ਏਕਤਾ ਦੀ ਅੰਤਮ ਸੱਚਾਈ ਪ੍ਰਾਪਤ ਕਰਨ ਵਿਚ ਹੈ । ਉਹ ਇਉਂ ਕਹਿੰਦੇ ਸਨ —'ਭਰਾਵੋ ! ਇਹ ਗੱਲ ਮੰਨ ਲਵੋ ਕਿ ਇਸ ਦੁਨੀਆਂ ਵਿਚ ਜੋ ਵੀ ਚੱਲ ਰਿਹਾ ਹੈ ਸਭ ਪ੍ਰਮਾਤਮਾ ਦੇ ਅੰਦਰ ਹੀ ਰਹਿੰਦਾ ਹੈ ਅਰਥਾਤ ਉਸ ਦੇ ਹੁਕਮ ਅੰਦਰ ਹੀ ਹੈ ਅਤੇ ਤੁਸੀਂ ਤਿਆਗ ਰਾਹੀਂ ਅਨੰਦ ਪ੍ਰਾਪਤ ਕਰੋ, ਮਾਲਕੀ ਦੀ ਭੁੱਖ ਰਾਹੀਂ ਨਹੀਂ।

-ਮਹਿਰਿਸ਼ੀ ਰਾਬਿੰਦਰਾ ਨਾਥ ਟੈਗੋਰ ਦੀ ਅੰਗਰੇਜ਼ੀ ਪੁਸਤਕ

CREATIVE UNITY (ਰਚਨਾਤਮਿਕ ਏਕਤਾ ) ਵਿਚੋਂ ।

## HINDU SCRIPTURES

The devout Hindus believe that all the upanishads are spiritual and embody a definite outlook.

Mahatma Gandhi writes commenting on the first verse of the Isavasys: "I have now come to the final conclusion that if all the upanishads and all the other scriptures happened all of a sudden, to be reduced to ashes, and if only the first verse of the Isopanished were left intact in the memory of the Hindus, Hinduism would live for ever."

ईशावास्यामिद सर्वं यत्किच जगत्यां जगत ।।
तेव त्यक्तेन भुज्जोथा मागृव: कस्य स्विद्धनन् (1)

All this that is, whatever there is in the circling world is permeated by the Lord. Enjoy it after offering it as an oblation. Do not covet another wealth.

-English rendering by Brij Lal Nehru.

By one Supreme Ruler in this universe, pervaded even every world in the whole circle of Nature. Enjoy pure delight O man, by abandoning all thoughts of this perishable world and covet not the wealth of any creature existing.

—Isopanished verse No-1

ਟੈਗੋਰ ਜੀ ਨੇ ਆਪਣੇ ਉੱਪਰ ਲਿਖੇ ਸ਼ਬਦਾਂ ਵਿਚ ਜਿਹੜਾ ਉਪਦੇਸ਼ ਦਿੱਤਾ ਹੈ ਉਹ ਹਿੰਦੂ ਧਰਮ ਦੇ ਧਾਰਮਿਕ ਗ੍ਰੰਥ ਈਸੋਪਨਿਸ਼ਦ ਦੇ ਪਹਿਲੇ ਸਲੋਕ ਦਾ ਅਰਥ ਹੈ ਜਿਹੜਾ ਹਿੰਦੀ ਅੱਖਰਾਂ ਵਿਚ ਉੱਤੇ ਦਿੱਤਾ ਗਿਆ ਹੈ । ਉਸ ਸਲੋਕ ਬਾਰੇ ਮਹਾਤਮਾ ਗਾਂਧੀ ਨੇ ਲਿਖਿਆ ਸੀ ਕਿ ਜੇ ਕਿਤੇ ਅਜਿਹਾ ਹੋਵੇ ਕਿ ਹਿੰਦੂ ਧਰਮ ਦੇ ਸਾਰੇ ਧਰਮ ਗ੍ਰੰਥ ਇਕੋ ਵੇਲੇ ਸੜ ਜਾਣ ਪਰ ਇਹ ਇਕੱਲਾ ਸਲੋਕ ਕਾਇਮ ਰਹੇ ਤਾਂ ਇਸ ਇਕੱਲੇ ਸਲੋਕ ਦੇ ਆਸਰੇ ਹਿੰਦੂ ਧਰਮ ਜ਼ਿੰਦਾ ਰਹਿ ਸਕਦਾ ਹੈ ।

ਟੈਗੋਰ ਜੀ ਦਾ ਭਾਵ ਇਹ ਹੈ ਕਿ ਭਾਰਤੀਆਂ ਦੀ ਧਾਰਮਿਕ ਵਿੱਦਿਆ ਦਾ ਅਸਰ ਇਹ ਸੀ ਕਿ ਉਹਨਾਂ ਦੀ ਨਿਗ੍ਹਾ ਏਕਤਾ ਵਾਲੀ ਹੋ ਜਾਂਦੀ ਸੀ । ਸਾਰਾ ਸੰਸਾਰ ਉਨ੍ਹਾਂ ਦਾ ਆਪਣਾ ਟੱਬਰ ਬਣ ਜਾਂਦਾ ਤੇ ਸੰਸਾਰ ਦੀ ਸੇਵਾ ਜੀਵਨ-ਆਦਰਸ਼।

ਬੰਦੇ ਨੂੰ ਆਪਣੇ ਮਨੁੱਖੀ ਕਰਤੱਵਾਂ ਦਾ ਜਿੰਨਾ ਗਿਆਨ ਹੋਵੇ ਉਸ ਗਿਆਨ ਦੀ ਲੰਬਾਈ ਚੌੜਾਈ ਦੇ ਹਿਸਾਬ ਨਾਲ ਹੀ ਉਸ ਨੂੰ ਆਪਣੇ ਲਾਗੇ ਦੇ ਤੇ ਸੰਸਾਰ ਭਰ ਵਿਚ ਕੀਤੇ ਜਾਣ ਵਾਲੇ ਕੰਮ ਸੁਝਦੇ ਹੁੰਦੇ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਬੰਦੇ ਨੂੰ ਸੰਸਾਰ ਭਰ ਦੇ ਹਾਲਾਤ ਤੇ ਸੰਸਾਰ ਦੇ ਕੁੱਲ ਜੀਵਾਂ ਦੇ ਦੁੱਖਾਂ-ਸੁੱਖਾਂ ਬਾਰੇ ਸੋਚਣ ਤੇ ਸੰਸਾਰ ਦੇ ਹਾਲਾਤ ਨੂੰ ਹਰ ਪੱਖ ਤੋਂ ਠੀਕ ਕਰਨ ਦਾ ਆਗੂ ਬਣਨ ਦੇ ਰਾਹ 'ਤੇ ਤੋਰਨ ਵਾਲੀ ਰੱਬੀ ਬਾਣੀ ਹੈ । ਜਦ ਕਿਸੇ ਬੰਦੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਲੋੜੀਂਦਾ ਗਿਆਨ ਹੋ ਜਾਵੇ ਤਾਂ ਮਨੁੱਖੀ ਕਰਤੱਵਾਂ ਦੇ ਤੌਰ 'ਤੇ ਅਣਗਿਣਤ ਕੰਮਾਂ ਨੂੰ ਕਰਦੇ ਹੋਏ ਦਾ ਉਸ ਦਾ ਜੋ ਹਾਲ ਹੁੰਦਾ ਹੈ ਉਸ ਹਾਲ ਨੂੰ ਭਾਈ ਗੁਰਦਾਸ ਜੀ ਨੇ ਆਪਣੇ ਹੇਠ ਲਿਖੇ ਵਾਕ ਵਿਚ ਬਿਆਨ ਕੀਤਾ ਹੈ :



ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ ।
ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ ।
ਗੋਲਾ ਮੁਲ ਖਰੀਦੁ ਕਾਰੇ ਜੋਵਣਾ ।
ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ । (ਭਾ:ਗੁ: ਦੀ ਵਾਰ ੩)

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਬਦ—

'ਗੁਰਮੁਖ ਬਾਣੀ ਨਾਮ ਹੈ,' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਪੜ੍ਹਨਾ ਤੇ ਸੁਣਨਾ ਵੀ ਵਾਹਿਗੁਰੂ ਦਾ ਨਾਮ ਜਪਣਾ ਹੀ ਹੈ । ਇਹ ਰੱਬੀ ਬਾਣੀ ਬੰਦੇ ਨੂੰ ਵਾਹਿਗੁਰੂ ਦੇ ਗੁਣਾਂ ਦਾ ਗਿਆਨ ਵੀ ਦਿੰਦੀ ਹੈ ਤੇ ਵਾਹਿਗੁਰੂ ਦਾ ਭਗਤ ਬਣ ਕੇ ਸੰਸਾਰ ਦੇ ਜੀਵਾਂ ਦਾ ਭਲਾ ਕਰਦਿਆਂ ਹੋਇਆਂ ਜੀਵਨ ਬਤੀਤ ਕਰਨ ਦਾ ਰਾਹ ਵੀ ਦੱਸਦੀ ਹੈ । ਹਰ ਸਮੇਂ ਬੰਦੇ ਦੇ ਅੱਗੇ ਮਨੁੱਖੀ ਕਰਤੱਵਾਂ ਦੇ ਤੌਰ 'ਤੇ ਕੀਤੇ ਜਾਣ ਵਾਲੇ ਅਨੇਕਾਂ ਕੰਮ ਹੁੰਦੇ ਹਨ । ਉਨ੍ਹਾਂ ਕੰਮਾਂ ਵਿਚ ਸੜਕ ਤੋਂ ਖੁਰੀ, ਮੇਖ, ਕੇਲੇ ਦਾ ਛਿਲਕਾ, ਲੱਕੜ, ਟੱਟੀ ਚੁੱਕਣ ਵਾਲਾ ਕੋਈ ਛੋਟਾ ਕੰਮ ਵੀ ਹੋ ਸਕਦਾ ਹੈ । ਕਿਸੇ ਗੁੰਡੇ ਦੇ ਹੱਥੋਂ ਕਿਸੇ ਇਸਤਰੀ ਦੀ ਇੱਜ਼ਤ ਬਚਾਉਣ ਲਈ ਵੱਡੇ ਤੋਂ ਵੱਡਾ ਖ਼ਤਰਾ ਮੁੱਲ ਲੈਣ ਵਾਲਾ ਕੰਮ ਵੀ ਹੋ ਸਕਦਾ ਹੈ ।

## ਸ਼ਬਦ ਸੁਖਮਨੀ ਸਾਹਿਬ

ਰਮਈਆ ਕੇ ਗੁਨ ਚੇਤਿ ਪਰਾਨੀ ॥ ਕਵਨ ਮੂਲ ਤੇ ਕਵਨ
ਦ੍ਰਿਸਟਾਨੀ ॥ ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥ ਗਰਭ
ਅਗਨਿ ਮਹਿ ਜਿਨਹਿ ਉਬਾਰਿਆ ॥ ਬਾਰ ਬਿਵਸਥਾ ਤੁਝਹਿ
ਪਿਆਰੈ ਦੂਧ॥ ਭਰਿ ਜੋਬਨ ਭੋਜਨ ਸੁਖ ਸੂਧ ॥ ਬਿਰਧਿ
ਭਇਆ ਊਪਰਿ ਸਾਕ ਸੈਨ ॥ ਮੁਖਿ ਅਪਿਆਉ ਬੈਠ ਕਉ
ਦੈਨ ॥ ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥ ਬਖਸਿ ਲੇਹੁ
ਤਉ ਨਾਨਕ ਸੀਝੈ ॥੧॥ (ਅੰਗ ੨੬੬)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਬੰਦੇ ਦਾ ਧਿਆਨ ਉਸ ਦੇ ਪੇਟ ਵਿਚ ਆਉਣ ਦੇ ਸਮੇਂ ਤੋਂ ਲੈ ਕੇ ਉਸ ਉੱਤੇ ਉਸ ਦੀ ਪਾਲਣਾ ਜੈਸੇ ਵਾਹਿਗੁਰੂ ਦੇ ਅਨੇਕਾਂ ਕਰਜ਼ਿਆਂ ਵੱਲ ਦੁਆਉਂਦੀ ਹੋਈ ਉਸ ਨੂੰ ਇਹ ਉਪਦੇਸ਼ ਦਿੰਦੀ ਹੈ ਕਿ ਵਾਹਿਗੁਰੂ ਨੇ ਉਸ ਉੱਤੇ ਜਿਹੜੇ ਕਰਜ਼ੇ ਚਾਹੜੇ ਹਨ ਉਹਨਾਂ ਕਰਜ਼ਿਆਂ ਨੂੰ ਉਤਾਰਨ ਲਈ ਉਹ ਵਾਹਿਗੁਰੂ ਦੇ ਦਿਆਲਤਾ ਦੇ ਗੁਣ ਵਾਲਾ ਬਣ ਕੇ ਸੰਸਾਰ ਦੇ ਜੀਵਾਂ ਦੇ ਭਲਾਈ ਦੇ ਕੰਮਾਂ ਵਿਚ ਆਪਣਾ ਜੀਵਨ ਗੁਜ਼ਾਰ ਦੇਵੇ । ਮਹਿਰਿਸ਼ੀ ਟੈਗੋਰ ਦਾ ਵਿਚਾਰ ਪਿੱਛੇ ਦਿੱਤਾ ਗਿਆ ਹੈ ਕਿ ਸੰਸਾਰ ਦੇ ਜੀਆਂ ਨਾਲ ਏਕਤਾ ਦੀ ਸਾਂਝ ਪਾ ਕੇ ਉਨ੍ਹਾਂ ਲਈ

ਹਮਦਰਦੀ ਭਰੇ ਕੰਮ ਨੂੰ ਕਰਨ ਵਿਚ ਤੱਤਪਰ ਰਹਿਣ ਵਾਲੇ ਬੰਦੇ ਨੂੰ ਰਚਨਾਤਮਿਕ ਵਿਚਾਰ ਸੁੱਝਿਆ ਕਰਦੇ ਹਨ ਤੇ ਉਹੋ ਬੰਦਾ ਹੀ ਜੀਵਨ ਨੂੰ ਸਫਲ ਕਰਨ ਵਾਲੇ ਕੰਮਾਂ ਨੂੰ ਕਰਿਆ ਕਰਦਾ ਹੈ । ਹੋਰਨਾਂ ਨੂੰ ਆਪਣੇ ਹੇਠਾਂ ਦਬਾਅ ਕੇ ਰੱਖਣ ਵਾਲੇ ਬੰਦੇ ਦੇ ਮਨ ਵਿਚ ਅਨੇਕ ਪ੍ਰਕਾਰ ਦੇ ਹੋਰਨਾਂ ਦਾ ਭਲਾ ਕਰਨ ਵਾਲੇ ਰਚਨਾਤਮਿਕ ਵਿਚਾਰ ਪੈਦਾ ਨਹੀਂ ਹੋਇਆ ਕਰਦੇ ਤੇ ਉਸ ਦਾ ਮਨ ਖ਼ਾਲੀ ਰਹਿੰਦਾ ਹੈ ।

ਇਸ ਲੇਖ ਵਿਚ ਮੈਂ ਜਿਹੜਾ ਖਾਕਾ ਹਲਟ ਦਾ ਦਿੱਤਾ ਹੈ ਉਸ ਖਾਕੇ ਵਿਚ ਹਲਟ ਦੀ ਲੱਠ ਨੂੰ ਮੈਂ ਬੰਦੇ ਦੇ ਮਨ ਦੇ ਤੌਰ 'ਤੇ ਦਿਖਾਇਆ ਹੈ । ਜਦ ਲੱਠ ਚੱਲ ਪੈਂਦੀ ਹੈ ਤਾਂ ਹਲਟ ਦੀਆਂ ਟਿੰਡਾਂ ਵੀ ਚੱਲ ਪੈਂਦੀਆਂ ਹਨ । ਇਸ ਲਈ ਜੀਵਨ ਦਾ ਸਾਰਾ ਪ੍ਰਸ਼ਨ ਮਨ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਰੱਬੀ ਬਾਣੀ ਵਾਲੇ ਮਹਾਨ ਧਰਮ ਗ੍ਰੰਥ ਦੀ ਬਾਣੀ ਨਾਲ ਭਰ ਦੇਣਾ ਹੈ । ਫੇਰ ਬੰਦਾ ਰੱਬ ਦੀ ਉਸ ਆਸ ਨੂੰ ਪੂਰਾ ਕਰਨ ਵਾਲਾ ਬਣ ਜਾਂਦਾ ਹੈ ਜਿਹੜੀ ਆਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉੱਪਰ ਲਿਖੇ ਸ਼ਬਦ ਵਿਚ ਬਿਆਨ ਕੀਤੀ ਗਈ ਹੈ :-

ਅਰਥਾਤ- ਸ੍ਰੀ ਗੁਰੂ ਗ੍ਰੰਥ ਸਾਹਿਬ ਜੈਸੇ ਮਹਾਨ ਧਰਮ ਗ੍ਰੰਥਾਂ ਵਿਚ ਦਿੱਤੇ ਗਏ ਮਨੁੱਖੀ ਕਰਤੱਵਾਂ ਦੇ ਗਿਆਨ ਅਨੁਸਾਰ ਆਪਣੇ ਜੀਵਨ ਨੂੰ ਬਿਤਾਉਣ ਵਾਲੇ ਹਰਿਜਨ ਦਾ ਜੀਵਨ ਸਫਲ ਹੈ ਜਿਸ ਨੇ ਵਾਹਿਗੁਰੂ ਨੂੰ ਔਂਤਰਾ ਹੋਣ ਤੋਂ ਬਚਾਇਆ ਹੈ । ਵਾਹਿਗੁਰੂ ਦਾ ਪੁੱਤਰ ਹੋਣ ਦਾ ਅਰਥ ਵਾਹਿਗੁਰੂ ਦੀ ਸੰਸਾਰ ਦੇ ਜੀਵਾਂ ਵੱਲ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿਚ ਆਪਣੀਆਂ ਤਨ ਮਨ ਤੇ ਧਨ ਦੀਆਂ ਸ਼ਕਤੀਆਂ ਨੂੰ ਨਿਰਵਿਘਨ ਤੌਰ 'ਤੇ ਸਦਾ ਜੁਟਾਈ ਰੱਖਣਾ ਹੈ ।

ਭਗਤ ਪੂਰਨ ਸਿੰਘ

ਬਾਨੀ ਪਿੰਗਲਵਾੜਾ ਅੰਮ੍ਰਿਤਸਰ ।

• • •



## ਮੈਂ ਗੁਰਸਿੱਖੀ ਦੇ ਪ੍ਰਭਾਵ ਹੇਠ ਕਿਵੇਂ ਆਇਆ

—ਭਗਤ ਪੂਰਨ ਸਿੰਘ

ਮੇਰਾ ਜਨਮ ਇਕ ਸਨਾਤਨ ਧਰਮੀ ਹਿੰਦੂ ਘਰਾਣੇ ਵਿਚ ਲੁਧਿਆਣਾ ਜ਼ਿਲ੍ਹੇ ਦੇ ਇਕ ਪਿੰਡ ਰਾਜੇਵਾਲ ਵਿਚ ਹੋਇਆ । ਉਸ ਪਿੰਡ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਅਸਥਾਨ ਦਾ ਗੁਰਦਵਾਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵੀਹ ਕੁ ਮੀਲ ਦੀ ਵਿੱਥ ਉੱਤੇ ਹੈ । ਸਾਡੇ ਇਲਾਕੇ ਵਿਚ ਫ਼ਤਹਿਗੜ੍ਹ ਸਾਹਿਬ ਦਾ ਸ਼ਹੀਦੀ ਜੋੜ ਮੇਲਾ ਸਿੱਖ ਪੰਥ ਦਾ ਇਕ ਭਾਰੀ ਇਕੱਠ ਹੋਇਆ ਕਰਦਾ ਹੈ, ਜਿਸ ਇਕੱਠ ਨੂੰ ਅਸੀਂ ਗੁਰਸਿੱਖੀ ਤੋਂ ਨਾਵਾਕਫ਼ ਹੁੰਦੇ ਹੋਏ ਫਤਹਿਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਦੀ ਥਾਂ ਫ਼ਤਹਿਗੜ੍ਹ ਸਾਹਿਬ ਦਾ ਮੇਲਾ ਹੀ ਕਿਹਾ ਕਰਦੇ ਸਾਂ । ਜਦੋਂ ਮੈਂ 14 ਕੁ ਸਾਲਾਂ ਦਾ ਹੋਇਆ ਤਾਂ ਮੈਨੂੰ ਉਸ ਗੁਰਪੁਰਬ ਦੇ ਅਵਸਰ 'ਤੇ ਫ਼ਤਹਿਗੜ੍ਹ ਸਾਹਿਬ ਨੂੰ ਜਾਣ ਦਾ ਖ਼ਿਆਲ ਇਕ ਸਾਧਾਰਣ ਮੇਲੇ ਦੇ ਖ਼ਿਆਲ ਨਾਲ ਆਇਆ। ਉਹ ਜੋੜ ਮੇਲਾ ਦੋ ਤਿੰਨ ਦਿਨ ਰਹਿੰਦਾ ਹੈ ਤੇ ਉਹ ਦਿਨ ਸਖ਼ਤ ਸਰਦੀ ਦੇ ਹੁੰਦੇ ਹਨ । ਮੈਂ ਉਸ ਤੋਂ ਪਹਿਲਾ ਸਿੱਖ ਪੰਥ ਦਾ ਕੋਈ ਵੀ ਜੋੜ ਮੇਲਾ ਨਹੀਂ ਦੇਖਿਆ ਸੀ।ਇਸ ਲਈ ਰਾਤ ਕੱਟਣ ਦਾ ਖ਼ਿਆਲ ਵੀ ਮੇਰੇ ਲਈ ਇਕ ਸੋਚਣ ਵਾਲੀ ਗੱਲ ਸੀ । ਸਾਡੇ ਘਰਾਂ ਦੀਆਂ ਕੁਝ ਬੀਬੀਆਂ ਬੱਸੀ ਕਸਬੇ ਵਿਚ ਵਿਆਹੀਆਂ ਹੋਈਆਂ ਸਨ, ਉਨ੍ਹਾਂ ਸਕੀਰੀਆਂ ਦੇ ਕਾਰਨ ਮੈਨੂੰ ਉਸ ਗੁਰਪੁਰਬ ਨੂੰ ਜਾਣ ਦਾ ਹੀਆ ਪੈ ਗਿਆ ਤੇ ਮੈਂ ਉੱਥੇ ਚਲਾ ਗਿਆ । ਸ਼ਹੀਦੀ ਜੋੜ ਮੇਲੇ ਦੇ ਅੰਤਲੇ ਦਿਹਾੜੇ ਦੇ ਸਵੇਰ ਵੇਲੇ ਦੇ ਦੀਵਾਨ ਵਿਚ ਮਹਾਰਾਜਾ ਪਟਿਆਲਾ ਮਹਾਰਾਜਾ ਯਾਦਵਿੰਦਰ ਸਿੰਘ ਦੇ ਪਿਤਾ ਮਹਾਰਾਜਾ ਭੁਪਿੰਦਰ ਸਿੰਘ ਜੀ ਹਾਜ਼ਰ ਹੋਏ । ਇਹ ਗੱਲ ਸੰਨ 1918 ਦੀ ਹੋਵੇਗੀ। ਮਹਾਰਾਜਾ ਸਾਹਿਬ ਦੀਵਾਨ ਵਿਚ ਆ ਕੇ ਬੈਠ ਗਏ ਤੇ ਮੈਥੋਂ ਉਹ ਤੀਜੇ ਬੰਦੇ ਦੀ ਥਾਂ 'ਤੇ ਬੈਠੇ। ਮਹਾਰਾਜਾ ਸਾਹਿਬ ਦੇ ਨਾਲ ਇਕ ਏ.ਡੀ.ਸੀ. ਵੀ ਸੀ ਜਿਸ ਦੀ ਉਮਰ 32 ਕੁ ਸਾਲਾਂ ਦੀ ਹੋਵੇਗੀ । ਉਹ ਨੌਜਵਾਨ ਇਕ ਬਹੁਤ ਹੀ ਸੁੰਦਰ ਨੌਜਵਾਨ ਸੀ ਜਿਸ ਨੇ ਆਪਣੇ ਸਿਰ ਉੱਤੇ ਦੂਹਰੀ ਪੱਗ ਸਜਾਈ ਹੋਈ ਸੀ। ਉਸ ਗੱਭਰੂ ਦੀ ਕੇਸਾਂ ਉੱਤੇ ਸੱਜੀ ਹੋਈ ਦੂਹਰੀ ਪੱਗ ਤੇ ਬੱਧੀ ਹੋਈ ਦਾੜ੍ਹੀ ਦੋਹਾਂ ਨੇ ਉਸ ਦੀ ਸਰੀਰਕ ਸੁੰਦਰਤਾ ਨੂੰ ਪੂਰਨ ਕਰਨ ਵਿਚ ਓਹੀਓ ਕੰਮ ਕੀਤਾ ਹੋਇਆ ਸੀ ਜੋ ਕਾਰਜ ਸੋਨੇ ਉੱਤੇ ਫਿਰ ਕੇ ਸੁਹਾਗਾ ਕਰਿਆ ਕਰਦਾ ਹੈ । ਉਹ ਸੁੰਦਰ ਗੱਭਰੂ ਮਹਾਰਾਜਾ ਸਾਹਿਬ ਦੇ ਦੀਵਾਨ ਵਿਚ ਬੈਠਦਿਆਂ ਹੀ ਗੁਰਦਵਾਰੇ ਦੀ ਇਕ ਮਹਿਰਾਬ ਦੇ ਹੇਠਾਂ ਮਹਾਰਾਜਾ ਸਾਹਿਬ ਵੱਲ ਮੂੰਹ ਕਰਕੇ ਖੜ੍ਹਾ ਹੋ ਗਿਆ ਤੇ ਮਹਾਰਾਜਾ ਸਾਹਿਬ ਵੱਲ ਟਿਕ-ਟਿਕੀ ਲਾ ਕੇ ਤੱਕਣ ਲੱਗ ਪਿਆ। ਆਪਣੀ ਫ਼ੌਜੀ ਮਰਯਾਦਾ ਨਾਲ ਬੱਝੀ ਦਾਹੜੀ ਤੇ ਦੂਹਰੀ ਪੱਗ ਨਾਲ ਸਜਿਆ ਹੋਇਆ ਗਠੀਲਾ ਚੁਸਤ ਤਿਆਰ-ਬਰ-ਤਿਆਰ ਸੁੰਦਰਤਾ ਤੇ ਕਲਾ ਦੀ ਮੂਰਤ ਬਣਿਆ ਹੋਇਆ ਉਹ ਗਭਰੂ ਗੁਰਦਵਾਰੇ ਦੀ ਮਹਿਰਾਬ ਹੇਠਾਂ ਖਲੋਤਾ

ਹੋਇਆ ਜਿਸ ਢੰਗ ਨਾਲ ਮਹਾਰਾਜਾ ਸਾਹਿਬ ਵੱਲ ਟਿਕਟਿਕੀ ਲਾਈ ਤੱਕ ਰਿਹਾ ਸੀ ਉਸ ਦੀ ਉਹ ਅਦੁੱਤੀ ਝਾਕੀ ਮੇਰੇ ਹਿਰਦੇ ਦੀਆਂ ਡੂੰਘਿਆਈਆਂ ਵਿਚ ਉਤਰ ਗਈ ਸੀ। ਉਹ ਝਾਕੀ ਨਾ ਮੈਨੂੰ ਵਿਸਰੀ ਹੈ ਤੇ ਨਾ ਹੀ ਮੇਰੇ ਜਿਊਂਦੇ ਜੀਅ ਕਦੇ ਵਿਸਰ ਹੀ ਸਕੇਗੀ । ਉਸ ਨੌਜਵਾਨ ਨੇ ਆਪਣੀ ਚੜ੍ਹਦੀ ਤੇ ਡੁਲ੍ਹ ਰਹੀ ਜਵਾਨੀ ਵਿਚ ਗੁਰਸਿੱਖੀ ਦੇ ਸਭਿਆਚਾਰ ਦੀ ਰੰਗਤ ਵਿਚ ਸੱਜ ਕੇ ਮੇਰੇ ਅੱਗੇ ਮਨੁੱਖੀ ਜੀਵਨ ਦੀ ਇਕ ਨਵੀਂ ਅਦੁੱਤੀ ਤੇ ਅਲੌਕਿਕ ਕਲਾ ਦਾ ਚਿੱਤਰ ਪੇਸ਼ ਕੀਤਾ ਸੀ ਜਿਸ ਚਿੱਤਰ ਨੂੰ ਦੇਖ ਕੇ ਮੇਰਾ ਹਿਰਦਾ ਹੈਰਾਨ ਵੀ ਤੇ ਗਦ ਗਦ ਵੀ ਹੋਇਆ ਸੀ। ਮੇਰੇ ਲਈ ਉਸ ਮਹਾਨ ਗੁਰਪੁਰਬ ਦੀ ਸੰਗਤ ਤੇ ਸਤਿਸੰਗ ਦਾ ਸਾਰਾ ਵਾਤਾਵਰਣ ਇਕ ਅਲੌਕਿਕ ਵਾਤਾਵਰਣ ਸੀ । ਇਕ ਸਾਧਾਰਣ ਪਿੰਡ ਵਿਚ ਜੰਮਿਆ ਪਲਿਆ ਹੋਣ ਕਰਕੇ, ਜਿਸ ਵਿਚ ਗੁਰਸਿੱਖੀ ਦਾ ਪ੍ਰਚਾਰ ਨਾ ਹੋਇਆਂ ਵਰਗਾ ਹੀ ਸੀ, ਸਿੱਖ ਸਭਿਆਚਾਰ ਤੇ ਸਿੱਖ ਸਾਧ-ਸੰਗਤ ਦੇ ਦਰਸ਼ਨਾਂ ਦੀ ਉਹ ਝਾਕੀ ਮੇਰੀ ਉਸ ਉਮਰ ਵਿਚ ਮੇਰੇ ਲਈ ਇਕ ਪਹਿਲੀ ਝਾਕੀ ਸੀ। ਉਸ ਨੌਜਵਾਨ ਦੇ ਦਰਸ਼ਨਾਂ ਸਮੇਂ ਉਸ ਮਹਾਨ ਗੁਰਪੁਰਬ ਤੋਂ ਮੈਨੂੰ ਇਕ ਨਵੀਂ ਤੇ ਅਲੌਕਿਕ ਦੁਨੀਆਂ ਦੇ ਦਰਸ਼ਨ ਹੋਏ ਤੇ ਮੈਂ ਆਪਣੇ ਜੀਵਨ ਲਈ ਇਕ ਮਹਾਨ ਸਿੱਖਿਆ ਤੇ ਜੀਵਨ ਦੇ ਇਕ ਨਵੇਂ ਮੋੜ ਲਈ ਨਵੀਂ ਪ੍ਰੇਰਨਾ ਲੈ ਕੇ ਆਪਣੇ ਘਰ ਨੂੰ ਮੁੜਿਆ ।

ਸ਼ਹੀਦੀ ਜੋੜ ਮੇਲੇ ਦੇ ਅੰਤਲੇ ਦਿਹਾੜੇ ਗੁਰਦਵਾਰਾ ਫ਼ਤਹਿਗੜ੍ਹ ਸਾਹਿਬ ਤੋਂ ਸ਼ਹੀਦੀ ਜਲੂਸ ਨਿਕਲਿਆ ਸੀ ਜਿਸ ਵਿਚ ਗੁਰਪੁਰਬ ਦੀ ਸਾਰੀ ਸੰਗਤ ਸਾਹਿਬਜ਼ਾਦਿਆਂ ਦੇ ਸਸਕਾਰ ਦੇ ਅਸਥਾਨ ਗੁਰਦਵਾਰਾ ਜੋਤੀ ਸਰੂਪ ਨੂੰ ਗਈ ਸੀ। ਮਹਾਰਾਜਾ ਸਾਹਿਬ ਵੀ ਉਸ ਜਲੂਸ ਵਿਚ ਸ਼ਾਮਿਲ ਹੋਏ ਤੇ ਉਹ ਸਾਰਾ ਰਸਤਾ ਨੰਗੇ ਪੈਰੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ’ਤੇ ਆਪਣੇ ਹੱਥਾਂ ਨਾਲ ਚੌਰ ਝੱਲਦੇ ਗਏ। ਜਲੂਸ ਵਿਚ ਵਿਦਿਆਰਥੀ ਬੀਬੀਆਂ ਦਾ ਇਕ ਜਥਾ ਸ਼ਾਮਿਲ ਹੋਇਆ ਜਿਹੜਾ ਜਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਅੱਗੇ ਸ਼ਬਦ ਕੀਰਤਨ ਕਰਦਾ ਗਿਆ । ਇਹ ਜਥਾ ਸ਼ਾਇਦ ਜਸਪਾਲੋਂ ਦੇ ਬੀਬੀਆਂ ਦੇ ਹਾਈ ਸਕੂਲ ਦਾ ਸੀ । ਗੁਰਦਵਾਰਾ ਜੋਤੀ ਸਰੂਪ ਪੁੱਜਣ ਉੱਤੇ ਮੈਂ ਉਹ ਅਸਥਾਨ ਦੇਖਿਆ ਜਿੱਥੇ ਸ਼ਹੀਦ ਸਾਹਿਬਜ਼ਾਦਿਆਂ ਦੇ ਮ੍ਰਿਤਕ ਸਰੀਰਾਂ ਦਾ ਸਸਕਾਰ ਕੀਤਾ ਗਿਆ ਸੀ । ਉਸ ਅਸਥਾਨ ਦੇ ਦਰਸ਼ਨ ਕਰਦਿਆਂ ਹੀ ਮੇਰਾ ਹਿਰਦਾ ਥਰਥਰਾ ਗਿਆ ਸੀ। ਮੈਂ ਉਸ ਅਸਥਾਨ ਵਿਚੋਂ ਇਕ ਅਜਿਹੀ ਗੁਪਤ ਲਹਿਰ ਨਿਕਲਦੀ ਅਨੁਭਵ ਕੀਤੀ ਜਿਹੜੀ ਬੰਦੇ ਦੇ ਮਨ ਨੂੰ ਇਕਾਗਰ ਕਰਕੇ ਇਹ ਦੱਸ ਰਹੀ ਹੋਵੇ ਕਿ ਤੂੰ ਸੰਸਾਰ ਵਿਚ ਕਿਸ ਲਈ ਆਇਆ ਹੈਂ ਤੇ ਇਕ ਮਨੁੱਖ ਦੇ ਤੌਰ ’ਤੇ ਤੇਰੇ ਕੀ ਕੀ ਕਰਤੱਵ ਹੋ ਸਕਦੇ ਹਨ? ਉਹ ਕਰਤੱਵ ਕਿੰਨੇ ਕਿੰਨੇ ਵੱਡੇ ਹੋ ਸਕਦੇ ਹਨ ਜਿਨ੍ਹਾਂ ਨੂੰ ਪੂਰਨ ਕਰਨਾ ਹੀ ਜੀਵਨ ਦੇ ਮਨੋਰਥ ਨੂੰ ਪ੍ਰਾਪਤ ਕਰਨਾ ਤੇ ਸਦਾ ਲਈ ਅਮਰ ਹੋਣਾ ਹੈ ? ਗੁਰਦਵਾਰਾ ਜੋਤੀ ਸਰੂਪ ਪੁੱਜ ਕੇ ਵੀ ਇਕ ਦੀਵਾਨ ਸੱਜਿਆ ਸੀ ਜਿਸ ਵਿਚ ਮਹਾਰਾਜਾ ਸਾਹਿਬ



ਵੀ ਬੋਲੇ ਸਨ ਉਹਨਾਂ ਨੇ ਕੇਵਲ ਹੇਠ ਲਿਖੇ ਉਰਦੂ ਜ਼ੁਬਾਨ ਦੇ ਸ਼ਬਦ ਬੋਲੇ ਸਨ ਜਿਹੜੇ ਮੈਨੂੰ ਹੁਣ ਤਕ ਯਾਦ ਹਨ–“ਮੁਝੇ ਇਸ ਬਾਤ ਕਾ ਫ਼ਖਰ ਹਾਸਿਲ ਹੈ ਕਿ ਮੁਝੇ ਪਹਿਲੀ ਬਾਰ ਪੰਥ ਕੀ ਸੇਵਾ ਕਰਨੇ ਕਾ ਮੌਕਾ ਮਿਲਾ ਹੈ।”

ਜਲੂਸ ਵਿਚ ਜਿਹੜਾ ਸ਼ਬਦ ਬੀਬੀਆਂ ਨੇ ਪੜ੍ਹਿਆ ਉਸ ਨੂੰ ਮੈਂ ਕੁਝ ਦੂਰੀ ਤੋਂ ਤੁਰੇ ਜਾਂਦੇ ਨੇ ਹੀ ਸੁਣਿਆ ਸੀ । ਇਸ ਲਈ ਦੂਰ ਹੋਣ ਕਰਕੇ ਤੇ ਇਕ ਰਾਗ ਵਿਚ ਹੋਣ ਕਰਕੇ ਮੈਨੂੰ ਉਹ ਸ਼ਬਦ ਸਮਝ ਵਿਚ ਨਹੀਂ ਆ ਸਕਿਆ ਸੀ ਤੇ ਉਸ ਤੋਂ ਜੋ ਕੁਝ ਮੇਰੀ ਸਮਝ ਵਿਚ ਆਇਆ ਸੀ ਉਹ ਕੇਵਲ ਹੇਠ ਲਿਖੇ ਸ਼ਬਦ ਹੀ ਸਨ :—

'ਆਏ ਜੀ ਜਨ ਭਰੀ ਹੈ ਪੁਕਾਰੀ' ।

ਉਸ ਤੋਂ ਪਹਿਲੇ ਇਸ ਸ਼ਬਦ ਨੂੰ ਸੁਣਨ ਦਾ ਅਵਸਰ ਮੈਨੂੰ ਕਦੇ ਨਹੀਂ ਮਿਲਿਆ ਸੀ । ਇਹ ਸ਼ਬਦ ਹੇਠ ਲਿਖਿਆ ਹੈ :-

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥

ਸੂਹੀ ਮਹਲਾ ੫ (ਅੰਗ ੭੪੯)

ਇਹ ਸ਼ਬਦ ਜਿਹੜਾ ਅੱਜ ਮੇਰੇ ਮਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਸ਼ਬਦਾਂ ਵਿਚੋਂ ਪਹਿਲੇ ਨੰਬਰ ’ਤੇ ਅਤੇ ਗੁਰਸਿੱਖੀ ਦੇ ਤੱਤ ਦੇ ਰੂਪ ਵਿਚ ਵਸਿਆ ਹੋਇਆ ਹੈ, ਮੇਰੇ ਹਿਰਦੇ ਤੋਂ ਸਦਾ ਲੁਕਿਆ ਹੀ ਰਹਿੰਦਾ ਜੇਕਰ ਆਪਣੇ ਚੰਗੇ ਭਾਗਾਂ ਨੂੰ ਮੇਰਾ ਵਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਦਵਾਰੇ, ਗੁਰਦਵਾਰਾ ਡੇਹਰਾ ਸਾਹਿਬ ਨਾਲ ਸੰਨ 1924 ਵਿਚ ਪ੍ਰਾਣੀ-ਮਾਤਰ ਦੀ ਸੇਵਾ ਦੇ ਸੰਬੰਧ ਵਿਚ ਨਾ ਪੈ ਜਾਂਦਾ, ਜਿਸ ਮਹਾਨ ਅਸਥਾਨ ਦੀ ਆਪਣੀ ਸੇਵਾ ਤੇ ਜਿਸ ਦੀ ਛਤਰ ਛਾਇਆ ਹੇਠ ਮੈਨੂੰ ਦੇਸ਼ ਦੀ ਵੰਡ ਦੇ ਸਮੇਂ 1947 ਤਕ 24 ਕੁ ਸਾਲਾਂ ਦੇ ਸਮੇਂ ਵਿਚ ਪ੍ਰਾਣੀ-ਮਾਤਰ ਦੀ ਸੇਵਾ ਵਿਚ ਜੀਵਨ ਬਤੀਤ ਕਰਨ ਦਾ ਅਵਸਰ ਲਾਹੌਰ ਸ਼ਹਿਰ ਵਿਚ ਮਿਲਿਆ । ਉਸ ਲੰਮੇ ਚੌੜੇ ਸਮੇਂ ਵਿਚ ਜਿੱਥੇ ਮੈਨੂੰ ਸ਼ਬਦ ਨੂੰ ਸਾਲਾਂ ਬੱਧੀ ਵਾਰ ਵਾਰ ਸੁਣਨ ਦਾ ਅਵਸਰ ਮਿਲਿਆ ਉੱਥੇ ਉਸ ਅਸਥਾਨ ਦੀ ਆਪਣੀ ਤੇ ਉਸ ਦੇ ਆਸਰੇ ਕੀਤੀ ਗਈ ਲਾਹੌਰ ਸ਼ਹਿਰ ਦੀ ਸੇਵਾ ਦੁਆਰਾ ਇਸ ਸ਼ਬਦ ਦੇ ਸੱਚੇ ਵਿਚ ਢਲਣ ਤੇ ਭਗਤੀ ਦੇ ਮਾਰਗ ਉੱਤੇ ਤੁਰਨ ਦਾ ਅਵਸਰ ਵੀ ਮਿਲਿਆ । ਮੈਂ ਜਿੰਨਾ ਚਿਰ ਜੀਵਾਂਗਾ ਮੇਰੇ ਹਿਰਦੇ ਵਿਚੋਂ ਸ਼ੁਕਰਾਨੇ ਦੇ ਭਾਵ ਨਾਲ ਜਿੱਥੇ ਸਿੱਖ ਅਰਦਾਸ ਦੇ ਹੇਠ ਲਿਖੇ ਸ਼ਬਦ ਸਦਾ ਉੱਛਲਦੇ ਰਹਿਣਗੇ —" ਸਿੱਖਾਂ ਨੂੰ ਸਿੱਖੀ ਦਾਨ, ਰਹਿਤ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ, ਚੌਂਕੀਆਂ ਝੰਡੇ ਬੁੰਗੇ ਜੁੱਗੋ ਜੁੱਗ ਅਟੱਲ, ਧਰਮ ਦਾ ਜੈਕਾਰ ”

ਉੱਥੇ ਉਸ ਸ਼ੁਕਰਾਨੇ ਦੇ ਭਾਵ ਤੋਂ ਮੇਰੇ ਹਿਰਦੇ ਵਿਚੋਂ ਇਹ ਅਸੀਸ ਵੀ ਨਿਕਲਦੀ ਰਹੇਗੀ ਕਿ ਭਾਰਤ ਦੇ ਹਰ ਘਰ ਤੋਂ ਸਿੱਖ ਸੱਭਿਅਤਾ ਦੀ ਉਸ ਮਹਾਨਤਾ

ਦਾ ਪ੍ਰਗਟਾਵਾ ਹੋਵੇ ਜਿਸ ਮਹਾਨਤਾ ਦੀ ਝਾਕੀ ਨੂੰ ਮੈਂ ਫ਼ਤਹਿਗੜ੍ਹ ਸਾਹਿਬ ਦੇ ਸਾਲਾਨਾ ਗੁਰਪੁਰਬ ਦੇ ਅਵਸਰ ਉੱਤੇ ਅਨੇਕਾਂ ਪੱਖਾਂ ਤੋਂ ਦੇਖਿਆ ਸੀ । ਮੈਂ ਇਹ ਅਰਦਾਸ ਵੀ ਕਰਦਾ ਹਾਂ ਕਿ ਮੈਨੂੰ ਆਪਣੀ ਛੋਟੀ ਉਮਰ ਵਿਚ ਗੁਰਸਿੱਖੀ ਦੇ ਸਭਿਆਚਾਰ ਦੀ ਸੁੰਦਰਤਾ ਦੀ ਪਹਿਲੀ ਕਿਰਨ ਦਿਖਾਉਣ ਵਾਲਾ ਦੇਗ ਤੇਗ਼ ਦੇ ਧਨੀ ਬਾਬਾ ਆਲਾ ਸਿੰਘ ਦਾ ਘਰਾਣਾ ਰਹਿੰਦੀ ਦੁਨੀਆਂ ਤਕ ਆਪਣੇ ਇਸ ਗੁਣ ’ਤੇ ਮਾਣ ਕਰ ਸਕੇ ਤੇ ਇਸ ਗੁਣ ਦਾ ਸੰਸਾਰ ਵਿਚ ਵੱਧ ਤੋਂ ਵੱਧ ਵਾਧਾ ਕਰਨਾ ਆਪਣਾ ਕਰਤੱਵ ਉਸੇ ਤਰ੍ਹਾਂ ਗਿਣ ਸਕੇ ਜਿਸ ਤਰ੍ਹਾਂ ਉਸ ਨੇ ਮੇਰੀ ਉਸ ਛੋਟੀ ਉਮਰ ਵਿਚ ਆਪਣੇ ਰਾਜ ਦੀ ਗੱਦੀ ਉਤੇ ਬੈਠਿਆਂ ਗਿਣਿਆ ਸੀ । ਮੇਰੇ ਹਿਰਦੇ ਉੱਤੇ ਉਸ ਗੁਰਪੁਰਬ ਤੋਂ ਪੰਜ ਗੱਲਾਂ ਦਾ ਅਸਰ ਪਿਆ : ੧. ਮਹਾਰਾਜਾ ਸਾਹਿਬ ਦੇ ਏ.ਡੀ. ਸੀ. ਦੀ ਸੁੰਦਰਤਾ ਜੋ ਕਿ ਉਸ ਦੇ ਕੇਸਾਂ, ਦਾੜ੍ਹੀ ਤੇ ਦੂਹਰੀ ਪੱਗ ਨੇ ਪੈਦਾ ਕੀਤੀ। ੨. ਗੁਰੂ ਘਰ ਦੀ ਸੰਗਤ ਵਿਚ ਸਾਰੇ ਬੰਦਿਆਂ ਤੋਂ ਉੱਚੀ ਥਾਂ ਕੋਈ ਨਹੀਂ ਬੈਠ ਸਕਦਾ, ਭਾਵੇਂ ਕੋਈ ਬੰਦਾ ਸੰਸਾਰਿਕ ਤੌਰ ’ਤੇ ਕਿੰਨੇ ਵੀ ਉੱਚੇ ਦਰਜੇ ਦਾ ਕਿਉਂ ਨਾ ਹੋਵੇ । ੩. ਉਸ ਸੰਗਤ ਵਿਚ ਕੋਈ ਵੱਡੇ ਤੋਂ ਵੱਡਾ ਆਦਮੀ ਆਪਣਾ ਸ਼ਾਮਿਲ ਹੋਣਾ ਆਪਣੇ ਧੰਨ ਭਾਗ ਗਿਣਦਾ ਹੈ । ੪. ਗੁਰਪੁਰਬ ਉੱਤੇ ਅੰਮ੍ਰਿਤ ਵੇਲੇ ਗੁਰੂ ਕੇ ਸਿੱਖ ਤੜਕੇ ਦੇ ਹਨੇਰੇ ਵਿਚ ਇਸ਼ਨਾਨ ਕਰ ਰਹੇ ਸਨ ਤੇ ਬਾਣੀ ਪੜ੍ਹ ਰਹੇ ਸਨ । ੫. ਛੋਟੀ ਉਮਰ ਦੇ ਬੱਚਿਆਂ ਦੇ ਉਸ ਉਮਰ ਵਿਚ ਧਰਮ ਲਈ ਜਾਨ ਵਾਰ ਦੇਣ ਦੇ ਇਤਿਹਾਸ ਨੇ ਮੇਰੀ ਉਸ ਹੋਸ਼ ਸੰਭਾਲ ਰਹੀ ਉਮਰ ਵਿਚ ਜੀਵਨ ਦਾ ਇਕ ਗੰਭੀਰ ਪੱਖ ਮੇਰੇ ਸਾਹਮਣੇ ਰੱਖਿਆ । ਜੀਵਨ ਦੇ ਇਸ ਪੱਖ ਦਾ ਇਸ ਉਮਰ ਵਿਚ ਇਕ ਬੱਚੇ ਅੱਗੇ ਰੱਖਿਆ ਜਾਣਾ ਬੜਾ ਜ਼ਰੂਰੀ ਹੈ; ਕਿਉਂਕਿ ਇਸ ਉਮਰ ਤੋਂ ਹੀ ਉਸ ਨੂੰ ਉਹਨਾਂ ਗੱਲਾਂ ਦਾ ਧਿਆਨ ਹੋਣ ਲੱਗਿਆ ਕਰਦਾ ਹੈ ਜਿਹੜੀਆਂ ਉਸ ਦੀ ਸਮਝ ਵਿਚ ਪੂਰੀਆਂ ਨਾ ਆਉਂਦੀਆਂ ਹੋਈਆਂ ਉਸ ਦੇ ਪੈਰਾਂ ਨੂੰ ਉਖੇੜ ਦੇਣ ਵਾਲੀਆਂ ਹੁੰਦੀਆਂ ਹਨ ।

ਮਹਾਰਾਜਾ ਸਾਹਿਬ ਦੇ ਨੰਗੇ ਪੈਰੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਚੌਰ ਕਰਦਿਆਂ ਜਾਣ ਤੇ ਉਹਨਾਂ ਸਮੇਤ ਸਾਰੀ ਸੰਗਤ ਦਾ ਭਾਰੀ ਉਦਾਸੀ ਭਰੇ ਹਿਰਦੇ ਨਾਲ ਸਾਹਿਬਜ਼ਾਦਿਆਂ ਦੇ ਸ਼ਹੀਦੀ ਅਸਥਾਨ ਅੱਗੇ ਸਿਰ ਝੁਕਾਉਣ ਤੇ ਉਹਨਾਂ ਦੇ ਸ਼ਹੀਦੀ ਅਸਥਾਨ ਦੀ ਧੂੜ ਨੂੰ ਮੱਥੇ ਨੂੰ ਲਾ ਕੇ ਆਪਣੇ ਧੰਨ ਭਾਗ ਗਿਣਨ ਦੇ ਦ੍ਰਿਸ਼ਾਂ ਨੇ ਮੇਰੇ ਮਨ ਵਿਚ ਇਹ ਗੱਲ ਲਿਆਂਦੀ ਕਿ ਜੇਕਰ ਇਕ ਮਹਾਰਾਜਾ ਸੰਸਾਰ ਦੇ ਵੱਧ ਤੋਂ ਵੱਧ ਪਦਾਰਥਾਂ ਤੇ ਵੱਡੀ ਤੋਂ ਵੱਡੀ ਸੰਸਾਰਿਕ ਪਦਵੀ ਰੱਖਦਿਆਂ ਹੋਇਆਂ ਇਸ ਥਾਂ ਤੋਂ ਕੋਈ ਉਚੇਰੀ ਰੂਹਾਨੀ ਦਾਤ ਲੱਭਣਾ ਚਾਹੁੰਦਾ ਹੈ ਤਾਂ ਫੇਰ ਸੰਸਾਰਿਕ ਪਦਾਰਥਾਂ ਤੇ ਪਦਵੀਆਂ ਦੇ ਬਾਰੇ ਸੋਚਣ ਤੋਂ ਪਹਿਲਾਂ ਅਜਿਹੇ ਇਤਿਹਾਸ ਨੂੰ ਪੈਦਾ ਕਰਨ ਵਾਲੇ ਗੁਰੂ ਘਰ ਦੀ ਫ਼ਿਲਾਸਫ਼ੀ ਤੇ ਇਤਿਹਾਸ ਦਾ ਪਤਾ ਕਰ ਲੈਣਾ ਜ਼ਰੂਰੀ ਹੈ । ਘਰ ਪੁੱਜ ਕੇ ਮੈਂ ਆਪਣੀ ਮਾਂ ਨੂੰ ਆਖਿਆ ਕਿ ਮਾਂ, ਮੈਂ ਮਹਾਰਾਜਾ ਪਟਿਆਲਾ



ਦੇ ਇਕ ਏ.ਡੀ.ਸੀ. ਨੂੰ ਦੇਖ ਕੇ ਆਇਆ ਹਾਂ, ਜਿਸ ਦੇ ਚਿਹਰੇ ਦੀ ਦਾੜ੍ਹੀ, ਕੇਸਾਂ ’ਤੇ ਪੱਗ ਤੋਂ ਪੈਦਾ ਹੋਈ ਸੁੰਦਰਤਾ ਨੇ ਮੈਨੂੰ ਇਹ ਮਹਿਸੂਸ ਕਰਾਇਆ ਹੈ ਕਿ ਮੇਰੇ ਸਿਰ ਉੱਤੇ ਇਕ ਅਜਿਹੀ ਵਸਤੂ ਗੁੰਮ ਹੈ ਜਿਹੜੀ ਨਾ ਕੇਵਲ ਮਨੁੱਖ ਨੂੰ ਅਦੁੱਤੀ ਸੁੰਦਰਤਾ ਬਖ਼ਸ਼ਦੀ ਹੈ ਬਲਕਿ ਉਸ ਦੇ ਮਨੁੱਖੀ ਸਰੂਪ ਨੂੰ ਵੀ ਪੂਰਨ ਕਰਦੀ ਹੈ । ਸੋ ਮਾਂ, ਮੇਰਾ ਮਨ ਕੇਸ ਰੱਖੇ ਬਿਨਾਂ ਰਾਜ਼ੀ ਨਹੀਂ ਹੋ ਸਕਦਾ । ਕੇਸਾਂ ਤੇ ਦਾੜ੍ਹੀ ਦੀਆਂ ਰੱਬੀ ਦਾਤਾਂ ਤੋਂ ਪੈਦਾ ਹੋਣ ਵਾਲੀ ਸੁੰਦਰਤਾ ਤੇ ਚਿਹਰੇ ਦੀ ਪੂਰਨਤਾ ਦੀ, ਪਹਿਲੀ ਝਾਕੀ ਮੈਨੂੰ ਪਟਿਆਲਾ ਰਾਜ ਦੇ ਸਭਿਆਚਾਰ ਵਿਚੋਂ ਇਕ ਗੁਰਪੁਰਬ ਦੀ ਯਾਤਰਾ ਸਮੇਂ ਨਜ਼ਰ ਆਈ, ਪਰ ਕੇਸਾਂ ਦੀ ਮਨੁੱਖਾ ਸਰੀਰ ਲਈ ਰੱਖਿਆ ਦਾ ਸਬਕ ਮੈਨੂੰ ਇਕ ਬੇਰੀ ਦੇ ਰੁੱਖ ਨੇ ਪੜ੍ਹਾਇਆ । ਸਾਡੇ ਪਿੰਡ ਤੋਂ ਅੱਧਾ ਕੁ ਮੀਲ ਦੀ ਦੂਰੀ, ਉੱਤੇ ਇਕ ਖੂਹੀ ਹੈ, ਜਿਹੜੀ ਇਕ ਚੁਰੱਸਤੇ ਵਿਚ ਹੈ । ਗਰਮੀਆਂ ਦੀ ਰੁੱਤ ਵਿਚ ਮੇਰੀ ਮਾਂ ਉਸ ਖੂਹੀ ਉੱਤੇ ਸਾਰਾ ਦਿਨ ਰਾਹੀਆਂ ਨੂੰ ਪਾਣੀ ਪਿਲਾਉਣ ਲਈ ਬੈਠੀ ਰਿਹਾ ਕਰਦੀ ਸੀ। ਪਿੰਡ ਦਾ ਗਊਆਂ ਮੱਝਾਂ ਦਾ ਚੌਣਾ ਵੀ ਪਾਣੀ ਪੀਣ ਲਈ ਉੱਥੇ ਹੀ ਦੁਪਹਿਰ ਦੇ ਵੇਲੇ ਆਇਆ ਕਰਦਾ ਸੀ । ਖੂਹੀ ਦੇ ਲਾਗੇ ਇਕ ਬੇਰੀ ਦਾ ਰੁੱਖ ਸੀ। ਮੈਂ ਇਕ ਦਿਨ ਗਰਮੀਆਂ ਦੀ ਰੁੱਤ ਵਿਚ ਉਸ ਰੁੱਖ ਦੇ ਹੇਠਾਂ ਬੈਠਾ ਸਾਂ । ਮੇਰੇ ਬੈਠਿਆਂ ਬੇਰੀ ਉੱਤੋਂ ਇਕ ਢੀਮ ਡਿੱਗੀ ਜਿਹੜੀ ਮੇਰੇ ਮੱਥੇ ਦੇ ਲਾਗੇ ਸਿਰ ਉੱਤੇ ਵੱਜੀ ਤੇ ਉਸ ਨਾਲ ਮੇਰੇ ਸਿਰ ਵਿਚ ਘਾਪਾ ਖੁੱਲ੍ਹ ਗਿਆ । ਮਨੁੱਖ ਦਾ ਸਿਰ ਉਸ ਦੇ ਸਰੀਰ ਦਾ ਇਕ ਅਜਿਹਾ ਹਿੱਸਾ ਹੈ ਜਿਸ ਦੀ ਸੱਟ ਨਾਲ ਦਿਮਾਗ ਨੂੰ ਵੀ ਭਾਰੀ ਹਾਨੀ ਪੁੱਜ ਸਕਦੀ ਹੈ । ਮਨੁੱਖ ਦੇ ਬਾਕੀ ਅੰਗ ਜਿਵੇਂ ਲੱਤਾਂ, ਬਾਹਾਂ, ਹੱਥ ਆਦਿ ਅਜਿਹੇ ਅੰਗ ਹੁੰਦੇ ਹਨ ਜਿਨ੍ਹਾਂ ਦੇ ਲੱਥ ਜਾਣ ਨਾਲ ਵੀ ਉਹ ਮਰ ਨਹੀਂ ਸਕਦਾ । ਉਸ ਇੱਟ ਨੇ ਮੈਨੂੰ ਕੇਸਾਂ ਦੀ ਮਹਾਨਤਾ ਦਾ ਸਬਕ ਪੜ੍ਹਾਇਆ ਤੇ ਮੈਂ ਉਸ ਦੇ ਲੱਗਣ ਪਿੱਛੋਂ ਸਰੀਰ ਦੀ ਰੱਖਿਆ ਲਈ ਕੇਸਾਂ ਦੀ ਲਾਭਦਾਇਕਤਾ ਦਾ ਕਾਇਲ ਹੋ ਗਿਆ । ਜਿਸ ਬੰਦੇ ਦੇ ਕੇਸ ਹੁੰਦੇ ਹੋਣ, ਉਸ ਦਾ ਜੂੜਾ ਤੇ ਜੂੜੇ 'ਤੇ ਪੱਗ, ਸਿਰ ਉੱਤੇ ਡਿੱਗ ਪੈਣ ਵਾਲੀ ਇੱਟ ਵਰਗੀ ਸ਼ੈਅ ਜਾਂ ਲਾਠੀ ਆਦਿ ਕਿਸੇ ਵਸਤੂ ਦੇ ਵਾਰ ਤੋਂ ਉਸ ਦਾ ਭਾਰਾ ਬਚਾਅ ਕਰ ਸਕਿਆ ਕਰਦੇ ਹਨ । ਕੇਸਾਂ ਦੇ ਜੂੜੇ ਨੂੰ ਤਲਵਾਰ ਵੀ ਨਹੀਂ ਕੱਟ ਸਕਿਆ ਕਰਦੀ । ਗੁਰਸਿੱਖੀ ਦੇ ਸਭਿਆਚਾਰ ਦੀ ਮਹਾਨਤਾ ਮੇਰੇ ਅੱਗੇ ਕਿਸ ਕਿਸ ਰੂਪ ਵਿਚ ਪ੍ਰਗਟ ਹੁੰਦੀ ਆਈ ਹੈ ਇਸ ਗੱਲ ਦਾ ਇਤਿਹਾਸ ਲੰਬਾ ਚੌੜਾ ਹੈ। ਮੈਂ ਚਾਹੁੰਦਾ ਹਾਂ ਕਿ ਮੈਂ ਉਸ ਇਤਿਹਾਸ ਨੂੰ ਲਿਖ ਕੇ ਤੇ ਘਰ ਘਰ ਮੁਫ਼ਤ ਵੰਡ ਕੇ ਗੁਰੂ ਘਰ ਦਾ ਰਿਣ ਲਾਹ ਸਕਾਂ ।

—ਭਗਤ ਪੂਰਨ ਸਿੰਘ

# ਅਕਾਲੀ ਸਿੰਘਾਂ ਦੀ ਸੰਪਰਦਾ

Below is given a thrilling story of the adventurous role of intelligent humanitarianism of an obscure Akali Singh. This story proves unequivocally to what heights human beings can be raised in their moral stature—almost automations of altruism if the proper technique of evolving human personality is used. —Bhagat Puran Singh

"So strong is the feeling that a Sikh should work, or have an occupation, that one who abandons the world, and is not of a warlike turn, will still employ himself in some way for the benefit of the community. Thus the author once found an Akali repairing, or rather making a road among precipitious ravines from the plains of Sutlej to the pretty town of Kiratpur. He avoided intercourse with the world generally. He was highly esteemed by the people, who left food and clothing at particular places for him, and his earnest persevering character had made an evident impression on a Hindu shepherd boy who had adopted part of the Akail dress, and spoke with owe of the devotee."

-From the book, "A History of the Sikhs."

by Joseph Devey Cunningham

(Chapter 'Order of Akalis)

ਜੋਸਫ ਡੇਵੀ ਕਨਿੰਘਮ ਇਕ ਅੰਗਰੇਜ਼ ਇੰਜੀਨੀਅਰ ਸੀ ਜਿਹੜਾ ਲੁਧਿਆਣਾ ਵਿਖੇ ਅੰਗਰੇਜ਼ੀ ਸਰਕਾਰ ਵੱਲੋਂ ਐਸਿਸਟੈਂਟ ਪੋਲੀਟੀਕਲ ਏਜੰਟ ਨਿਯਤ ਸੀ । ਇਹ ਸਿੱਖਾਂ ਤੇ ਅੰਗਰੇਜ਼ਾਂ ਦੀ ਪਹਿਲੀ ਜੰਗ 1844-46 ਵਿਚ ਸ਼ਾਮਿਲ ਹੋਇਆ ਤੇ ਬੱਦੋਵਾਲ, ਮੁੱਦਕੀ ਤੇ ਸਭਰਾਵਾਂ ਦੀਆਂ ਲੜਾਈਆਂ ਵਿਚ ਮੌਜੂਦ ਸੀ । 1846 ਵਿਚ ਇਸ ਨੂੰ ਪੋਲੀਟੀਕਲ ਏਜੰਟ ਦੇ ਤੌਰ 'ਤੇ ਭੂਪਾਲ ਬਦਲ ਦਿੱਤਾ ਗਿਆ ਸੀ । ਉੱਥੇ ਜਾ ਕੇ ਇਸ ਨੇ ਇਕ ਪੁਸਤਕ A History of the Sikhs 'ਸਿੱਖਾਂ ਦਾ ਇਕ ਇਤਿਹਾਸ' 1846 ਵਿਚ ਲਿਖੀ । ਇਸ ਪੁਸਤਕ ਵਿਚ ਉਸ ਨੇ ਲਿਖ ਦਿੱਤਾ ਕਿ ਸਿੱਖ ਬੜੇ ਸੂਰਮੇ ਤੇ ਜੰਗ ਦੇ ਯੋਧੇ ਹਨ ਤੇ ਇਹਨਾਂ ਦੇ ਹਾਰਨ ਦਾ ਇਕ ਕਾਰਨ ਇਹ ਵੀ ਸੀ ਕਿ ਇਹਨਾਂ ਦੇ ਦੋ ਫ਼ੌਜੀ ਜਰਨੈਲ ਅਸਾਂ (ਅੰਗਰੇਜ਼ਾਂ ਨੇ) ਖ਼ਰੀਦ ਲਏ ਸਨ । ਜਦੋਂ ਇਹ ਪੁਸਤਕ ਛਪੀ ਤਾਂ



ਅੰਗਰੇਜ਼ੀ ਸਰਕਾਰ ਇਸ ਦੇ ਨਾਲ ਇਸ ਗੱਲ ਤੋਂ ਨਾਰਾਜ਼ ਹੋ ਗਈ ਕਿ ਇਸ ਨੇ ਉਹ ਖ਼ੁਫ਼ੀਆ ਸਰਕਾਰੀ ਭੇਦ ਕਿਉਂ ਆਪਣੀ ਪੁਸਤਕ ਵਿਚ ਲਿਖੇ ਜਿਹੜੇ ਇਸ ਦੇ ਪਾਸ ਸਰਕਾਰੀ ਨੌਕਰ ਹੋਣ ਦੀ ਹੈਸੀਅਤ ਵਿਚ ਸਨ । ਕਨਿੰਘਮ ਸਾਹਿਬ ਦੇ ਇਸ ਅਪਰਾਧ ਬਦਲੇ ਅੰਗਰੇਜ਼ੀ ਸਰਕਾਰ ਨੇ ਉਸ ਦੀ ਸਰਕਾਰੀ ਰਾਜਸੀ ਮਹਿਕਮੇ ਦੀ ਨੌਕਰੀ ਹਟਾ ਕੇ ਨਿਰੀ ਇੰਜੀਨੀਅਰ ਦੀ ਨੌਕਰੀ ਹੀ ਰਹਿਣ ਦਿੱਤੀ ਸੀ । ਇਸ ਗੱਲ ਦੇ ਸਦਮੇ ਨਾਲ ਕਨਿੰਘਮ ਸਾਹਿਬ ਦਾ ਦਿਲ ਟੁੱਟ ਗਿਆ ਸੀ ਤੇ ਉਹ ਟੁੱਟੇ ਹੋਏ ਦਿਲ ਨਾਲ ਆਪਣੀ ਜਵਾਨੀ ਵਿਚ ਹੀ ਮਰ ਗਿਆ ਸੀ । ਅਕਾਲੀ ਸਿੰਘਾਂ ਦੀ ਸੰਪਰਦਾ ਦੇ ਸਿਰਲੇਖ ਹੇਠ ਉਸ ਨੇ ਹੇਠ ਲਿਖੀ ਕਹਾਣੀ ਆਪਣੀ ਪੁਸਤਕ 'A History of the SIKHS ' ਅਰਥਾਤ 'ਸਿੱਖਾਂ ਦਾ ਇਕ ਇਤਿਹਾਸ' ਵਿਚ ਇਕ ਬਿਹੰਗਮ ਅਕਾਲੀ ਸਿੰਘ ਦੀ ਹੱਥਾਂ ਦੀ ਸੇਵਾ ਬਾਰੇ ਲਿਖੀ ਹੈ । ਭਾਈ ਸਾਹਿਬ ਭਾਈ ਵੀਰ ਸਿੰਘ ਜੀ ਵੱਲੋਂ ਸਪਤਾਹਿਕ ਪੱਤਰ 'ਖ਼ਾਲਸਾ ਸਮਾਚਾਰ' ਵਿਚ ਛਾਪੀ ਗਈ ਇਸ ਕਹਾਣੀ ਨੂੰ ਮੈਂ ਇਕ ਵੱਖਰੇ ਇਸ਼ਤਿਹਾਰ ਵਿਚ ਛਾਪਿਆ ਹੋਇਆ ਹੈ । ਮੈਂ ਚਾਹੁੰਦਾ ਹਾਂ ਕਿ ਭਾਰਤ ਦੀ ਪੁਰਾਤਨ ਸੱਭਿਅਤਾ ਨੂੰ ਵਡਿਆਈ ਦੇ ਅਸਮਾਨ ਉੱਤੇ ਪਹੁੰਚਾ ਦੇਣ ਵਾਲੀ ਇਸ ਕਹਾਣੀ ਨੂੰ ਮੈਂ ਸੰਸਾਰ ਦੇ ਹਰ ਇਕ ਬੰਦੇ ਤੇ ਇਸਤਰੀ ਤਕ ਪਹੁੰਚਾ ਦਿਆਂ ।

ਇਸ ਗੱਲ ਲਈ ਕਿ ਹਰ ਸਿੱਖ ਨੂੰ ਦਸਾਂ ਨਹੁੰਆਂ ਨਾਲ ਕਿਰਤ ਕਰਨੀ ਤੇ ਕੋਈ ਨਾ ਕੋਈ ਕਿਰਤ ਦਾ ਕਾਰ ਵਿਹਾਰ (ਧੰਦਾ) ਇਖ਼ਤਿਆਰ ਤਿਆਰ ਕਰਨਾ ਜ਼ਰੂਰੀ ਹੈ । ਅਕਾਲੀ ਸਿੰਘਾਂ ਦੇ ਹਿਰਦਿਆਂ ਅੰਦਰ ਐਨਾ ਜ਼ਬਰਦਸਤ ਅਹਿਸਾਸ ਸੀ ਕਿ ਹਰ ਅਜਿਹਾ ਸਿੱਖ ਭੀ ਜਿਹੜਾ ਘਰ ਘਾਟ ਦੇ ਬੰਧਨਾਂ ਨੂੰ ਤੋੜ ਕੇ ਵਿਰਕਤ ਬਿਹੰਗਮ ਹੋ ਜਾਂਦਾ ਸੀ ਪ੍ਰੰਤੂ ਜਿਸ ਦੀ ਰੁਚੀ ਜੰਗ ਕਰਨ ਵਿਚ ਘੱਟ ਹੁੰਦੀ ਸੀ ਉਹ ਵੀ ਹੱਥਾਂ ਦੀ ਸੇਵਾ ਤੋਂ ਕਦੇ ਵਿਹਲਾ ਨਹੀਂ ਰਹਿੰਦਾ ਸੀ । ਅਜਿਹਾ ਸਿੱਖ ਕੌਮ ਦੇ ਸਾਂਝੇ ਭਲੇ ਵਾਸਤੇ ਕਿਸੇ ਨਾ ਕਿਸੇ ਢੰਗ ਨਾਲ ਆਪਣੇ ਆਪ ਨੂੰ ਹੱਥਾਂ ਦੀ ਸੇਵਾ ਦੇ ਕਿਸੇ ਕੰਮਕਾਰ ਵਿਚ ਲਾ ਛੱਡਦਾ ਸੀ । ਕਨਿੰਘਮ ਸਾਹਿਬ ਲਿਖਦੇ ਹਨ ਕਿ ਇਸ ਤਰ੍ਹਾਂ ਨਾਲ ਮੈਂ ਇਕ ਵਾਰੀ ਇਕ ਅਕਾਲੀ ਸਿੰਘ ਦੇ ਦਰਸ਼ਨ ਕੀਤੇ ਜਿਹੜਾ ਕਿ ਸੜਕ ਦੀ ਇਸ ਤਰ੍ਹਾਂ ਰੀਝ ਨਾਲ ਮੁਰੰਮਤ ਕਰ ਰਿਹਾ ਸੀ ਜਿਵੇਂ ਕਿ ਸੜਕ ਨਵੇਂ ਸਿਰਿਉਂ ਬਣਾਉਣੀ ਹੋਵੇ । ਇਸ ਸੜਕ ਨੂੰ ਉਹ ਅਕਾਲੀ ਸਿੰਘ ਸਤਿਲੁਜ ਦਰਿਆ ਦੇ ਮੈਦਾਨ ਤੋਂ ਆਰੰਭ ਕਰਕੇ ਕੀਰਤਪੁਰ ਦੇ ਸੋਹਣੇ ਕਸਬੇ ਨੂੰ ਕੱਢੀ ਲਈ ਜਾ ਰਿਹਾ ਸੀ । ਇਹ ਸੜਕ ਉੱਚੇ ਨੀਵੇਂ ਤੇ ਢਾਲੂ ਪਹਾੜੀ ਨਾਲਿਆਂ ਵਿਚੋਂ ਦੀ ਜਾ ਰਹੀ ਸੀ।ਉਹ ਅਕਾਲੀ ਸਿੰਘ ਵਿਰਕਤ ਹੋਣ ਕਰਕੇ ਸੰਸਾਰ ਦੇ ਨਰ ਨਾਰੀਆਂ ਨੂੰ ਆਪਣੇ ਆਪ ਨਾਲ ਕਿਸੇ ਪ੍ਰਕਾਰ ਦੇ ਮੇਲ ਮਿਲਾਪ ਜਾਂ ਸੰਬੰਧ ਰੱਖਣ ਦੀ ਆਗਿਆ ਨਹੀਂ ਸੀ ਦਿੰਦਾ । ਉਸ ਦੇ ਇਲਾਕੇ ਦੇ ਲੋਕੀਂ ਉਸ ਦਾ ਬੜਾ ਡੂੰਘਾ ਸਤਿਕਾਰ ਕਰਦੇ ਸਨ ਜਿਹੜੇ ਉਸ ਦੇ ਗੁਜ਼ਰਾਨ ਲਈ ਰੋਟੀ ਪਾਣੀ ਤੇ ਬਸਤਰ ਉਸ ਦੇ ਕਹੇ ਅਨੁਸਾਰ ਮਿਥੇ ਹੋਏ ਥਾਵਾਂ ਉੱਤੇ ਹਾਜ਼ਰ ਕਰ ਦਿੱਤਾ ਕਰਦੇ ਸਨ । ਕਨਿੰਘਮ

ਸਾਹਿਬ ਨੇ ਲਿਖਿਆ ਹੈ ਕਿ ਉਸ ਅਕਾਲੀ ਸਿੰਘ ਦੀਆਂ ਸੇਵਾ ਦੀਆਂ ਕਰੜੀਆਂ ਸਰੀਰਕ ਘਾਲਾਂ ਜਿਨ੍ਹਾਂ ਘਾਲਾਂ ਨੂੰ ਉਹ ਮਨੁੱਖਤਾ ਦੀ ਭਲਾਈ ਲਈ ਆਪਣੀ ਆਤਮਾ ਤੋਂ ਸੱਚੀ ਪ੍ਰੇਰਨਾ ਲੈ ਕੇ ਦਿਨ ਰਾਤ ਘਾਲਦਾ ਰਹਿੰਦਾ ਸੀ ਉਸ ਦੇ ਦਰਸ਼ਨ ਕਰਨ ਵਾਲੇ ਲੋਕਾਂ ਦੇ ਹਿਰਦਿਆਂ ਉੱਤੇ ਉਸ ਦੀ ਸ਼ਖ਼ਸੀਅਤ ਤੇ ਉਸ ਦੇ ਧਰਮ ਦੀ ਛਾਪ ਉੱਕਰ ਰਹੀਆਂ ਸਨ । ਇਸ ਗੱਲ ਦਾ ਇਕ ਪ੍ਰਤੱਖ ਸਰੂਪ ਕਨਿੰਘਮ ਸਾਹਿਬ ਨੇ ਆਪਣੀਆਂ ਅੱਖਾਂ ਨਾਲ ਇਹ ਦੇਖਿਆ ਕਿ ਉਸ ਅਕਾਲੀ ਸਿੰਘ ਦੇ ਲਾਗੇ ਹੀ ਇਕ ਹਿੰਦੂ ਮੁੰਡਾ ਜਿਹੜਾ ਆਪਣੀਆਂ ਭੇਡਾਂ ਤੇ ਬੱਕਰੀਆਂ ਚਾਰ ਰਿਹਾ ਸੀ ਅਕਾਲੀ ਸਿੰਘ ਦੀ ਸ਼ਖ਼ਸੀਅਤ ਤੋਂ ਪ੍ਰੇਰਨਾ ਲੈਂਦਾ ਹੋਇਆ ਉਸ ਦੇ ਧਾਰਮਿਕ ਪ੍ਰਭਾਵਾਂ ਨੂੰ ਹੀ ਕਬੂਲ ਰਿਹਾ ਸੀ । ਉਸ ਲੜਕੇ ਨੇ ਉਸ ਅਕਾਲੀ ਸਿੰਘ ਬਾਰੇ ਕਨਿੰਘਮ ਸਾਹਿਬ ਨਾਲ ਗੱਲ ਕਰਦਿਆਂ ਹੋਇਆਂ ਭੈ ਭਰਿਆ ਸਤਿਕਾਰ ਪ੍ਰਗਟ ਕੀਤਾ । ਕਨਿੰਘਮ ਸਾਹਿਬ ਨੂੰ ਉਸ ਲੜਕੇ ਦੇ ਸਰੀਰ ਦੇ ਪਹਿਰਾਵੇ ਵਿਚ ਸਿੱਖ ਰਹਿਤ ਦੀਆਂ ਕੁਝ ਨਿਸ਼ਾਨੀਆਂ ਦਿੱਸੀਆਂ ਸਨ । ਇਨ੍ਹਾਂ ਨਿਸ਼ਾਨੀਆਂ ਦਾ ਸਾਹਿਬ ਨੇ ਆਪਣੀ ਲਿਖਤ ਵਿਚ ਚਰਚਾ ਤਾਂ ਨਹੀਂ ਕੀਤੀ ਪਰ ਇਹ ਨਿਸ਼ਾਨੀਆਂ ਕਛਹਿਰਾ, ਕੜਾ ਤੇ ਕਮਰਕੱਸਾ ਹੀ ਹੋ ਸਕਦੀਆਂ ਹਨ ।

-o-

*" ਸੰਸਾਰ ਦੇ ਮਹਾਂਪੁਰਸ਼ਾਂ ਦਾ ਇਤਿਹਾਸ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਦੁਨੀਆਂ ਵਿਚ ਅਨੇਕਾਂ ਬੁਰਾਈਆਂ, ਮੁਸੀਬਤਾਂ, ਤਬਾਹੀਆਂ ਤੇ ਅਨਿਆਇ ਚਲੇ ਆ ਰਹੇ ਹੁੰਦੇ ਹਨ —ਤੇ ਉਨ੍ਹਾਂ ਨੂੰ ਦੂਰ ਕਰਨ ਲਈ ਮਹਾਂਪੁਰਸ਼ ਵੀ ਪੈਦਾ ਹੁੰਦੇ ਰਹੇ ਜਿਹੜੇ ਸੰਕਟਾਂ ਤੇ ਵੰਗਾਰਾਂ ਦਾ ਮੁਕਾਬਲਾ ਕਰਦੇ ਹੋਏ ਉਨ੍ਹਾਂ ਸੰਕਟਾਂ ਤੇ ਵੰਗਾਰਾਂ ਨੂੰ ਸਮਾਪਤ ਕਰਦੇ ਰਹੇ, ਦੁਨੀਆਂ ਵਿਚ ਸੁੱਖ-ਸ਼ਾਂਤੀ ਲਿਆਉਂਦੇ ਰਹੇ ਤੇ ਲੋਕਾਂ ਨੂੰ ਉੱਨਤੀ ਦੇ ਮਾਰਗ 'ਤੇ ਤੋਰਦੇ ਰਹੇ । "*



## ਦਸਮ ਪਾਤਿਸ਼ਾਹ
# ਸ੍ਰੀ ਗੁਰੂ ਗੋਬਿੰਦ ਸਿੰਘ ਜੀ

**ਦੇ ਅਵਤਾਰ ਧਾਰਨ ਦੇ ਦਿਵਸ ੧੯ ਜਨਵਰੀ, ੧੯੭੫ ਨੂੰ ਮੈਂ ਸ੍ਰੀ ਮੰਜੀ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਦੀਵਾਨ ਵਿਚ ਹੇਠ ਲਿਖਿਆ ਭਾਸ਼ਨ ਦਿੱਤਾ**

—ਭਗਤ ਪੂਰਨ ਸਿੰਘ

ਇਹ ਇਕ ਇਤਫ਼ਾਕ ਹੀ ਸੀ ਕਿ ਜਿਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਜਨਮ ਹੋਇਆ ਉਸ ਸਮੇਂ ਔਰੰਗਜ਼ੇਬ ਦਾ ਰਾਜ ਸੀ ਤੇ ਉਹ ਹਿੰਦੂ ਕੌਮ ਨੂੰ ਇਸਲਾਮ ਵਿਚ ਜਜ਼ਬ ਕਰ ਲੈਣਾ ਚਾਹੁੰਦਾ ਸੀ । ਹਿੰਦੂ ਕੌਮ ਵਿਚ ਔਰੰਗਜ਼ੇਬ ਦੇ ਮੁਕਾਬਲੇ 'ਤੇ ਖੜ੍ਹਾ ਹੋਣ ਲਈ ਕੋਈ ਜ਼ਿੰਦ-ਜਾਨ ਨਹੀਂ ਰਹਿ ਗਈ ਸੀ । ਗੁਰੂ ਸਾਹਿਬ ਦਾ ਘੋਲ ਸਮੇਂ ਦੀ ਵੰਗਾਰ ਦਾ ਉੱਤਰ ਸੀ ਜੋ ਜੰਗ ਦਾ ਨਿਖੇੜਵਾਂ ਰੂਪ ਲੈ ਗਿਆ ਸੀ । ਪਰ ਸੋਚਣ ਵਾਲੀ ਗੱਲ ਇਹ ਹੈ ਕਿ ਜੇ ਉਸ ਸਮੇਂ ਔਰੰਗਜ਼ੇਬ ਦਾ ਰਾਜ ਹੀ ਨਾ ਹੁੰਦਾ ਜਾਂ ਉਹ ਹਿੰਦੂ ਕੌਮ ਨੂੰ ਮਿਟਾ ਦੇਣ ਦਾ ਮਨ ਹੀ ਨਾ ਬਣਾਉਂਦਾ ਤਾਂ ਕੀ ਗੁਰੂ ਸਾਹਿਬ ਆਪਣੇ ਪਿੱਛੇ ਕੋਈ ਨਿਖੇੜਵਾਂ ਰਚਨਾਤਮਿਕ ਕੰਮ ਛੱਡ ਸਕਦੇ ਜਾਂ ਨਾ ? ਕਿਸੇ ਵੀ ਜ਼ਾਲਮ ਨਾਲ ਤਲਵਾਰ ਦਾ ਜੰਗ ਹੋ ਸਕਦਾ ਹੈ ਤੇ ਉਸ ਦੇ ਹੱਥੋਂ ਸ਼ਾਂਤਮਈ ਢੰਗ ਨਾਲ ਸ਼ਹੀਦੀ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਦੋਹਾਂ ਸੂਰਤਾਂ ਵਿਚ ਪਹਿਲਕਾਰੀ ਜ਼ਾਲਮ ਦੇ ਹੱਥ ਹੀ ਹੁੰਦੀ ਹੈ ਜਿਸ ਦਾ ਭਾਵ ਇਹ ਹੋਇਆ ਕਿ ਜੇਕਰ ਕੋਈ ਜ਼ਾਲਮ ਜ਼ੁਲਮ ਹੀ ਨਾ ਕਰੇ ਤਾਂ ਟਾਕਰਾ ਕਰਨ ਵਾਲੇ ਬੰਦੇ ਦੇ ਹਿਰਦੇ ਵਿਚ ਨਾ ਜੰਗ ਕਰਨ ਦਾ ਖ਼ਿਆਲ ਪੈਦਾ ਹੋ ਸਕਦਾ ਹੈ ਤੇ ਨਾ ਸ਼ਹੀਦੀ ਪਾਉਣ ਦਾ ਹੀ। ਉਸ ਸੂਰਤ ਵਿਚ ਬੇਅੰਤ ਰਚਨਾਤਮਿਕ ਕੰਮ ਤਾਂ ਹੁੰਦੇ ਹਨ ਜੋ ਜੰਗਾਂ ਵਿਚ ਪੈਣ ਤੋਂ ਬਿਨਾਂ ਤੇ ਸ਼ਹੀਦੀਆਂ ਪ੍ਰਾਪਤ ਕਰਨ ਤੋਂ ਬਿਨਾਂ ਵੀ ਸਾਰੇ ਸਿੱਖ ਗੁਰੂ ਸਾਹਿਬਾਨ ਕਰਦੇ ਰਹੇ ਸਨ ਤੇ ਖੁਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਵੀ ਕਰਦੇ ਰਹੇ ਸਨ; ਪਰ ਇਸ ਕਿਸਮ ਦੇ ਕੰਮ ਕਰਦੇ ਉਹ ਹੀ ਹਨ ਜਿਨ੍ਹਾਂ ਨੇ ਪਹਿਲਾਂ ਆਪਾ ਭਾਵ ਮਾਰ ਮੁਕਾਇਆ ਹੁੰਦਾ ਹੈ :-

ਜੀਵਤੁ ਮਰੈ ਮਰੈ ਫੁਨਿ ਜੀਵੈ ਤਾਂ ਮੋਖੰਤਰੁ ਪਾਏ (ਅੰਗ ੫੫੦)

(ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਸ੍ਰੀ ਗੁਰੂ ਅਮਰਦਾਸ ਜੀ ਦਾ ਸ਼ਬਦ)

ਤਲਵਾਰ ਦਾ ਜੰਗ ਕਰਦਿਆਂ ਹੋਇਆਂ ਵੀ ਦਇਆ ਤੇ ਪਰਉਪਕਾਰ ਦੇ ਕੰਮ ਬੇਅੰਤ ਹੁੰਦੇ ਹਨ ਜੋ ਧਰਮੀ ਲੋਕ ਅਵੱਸ਼ ਕਰਦੇ ਹਨ । ਅਸਲ ਕੰਮ ਤਾਂ ਹੁੰਦਾ ਹੀ ਇਹ ਹੈ । ਸ਼ਹੀਦੀਆਂ ਤੇ ਹੋਰ ਜਦੋ ਜਹਿਦ ਤਾਂ ਕਦੇ ਕਦਾਈਂ ਕਰਦੇ ਹਨ, ਪਰ ਦਇਆ ਦੇ ਕੰਮ ਸਦਾ ਹੀ ਕਰੀਦੇ ਹਨ । ਸੱਭਿਅਤਾ ਨਾਮ ਹੈ ਮਨੁੱਖਾਂ ਦੀਆਂ ਵਿਅਕਤੀਗਤ ਬੇਵੱਸੀਆਂ ਨੂੰ ਦੂਰ ਕਰਨ ਦਾ ਤੇ ਇਸ ਨੂੰ ਸਿਰੇ ਚਾੜ੍ਹਨ ਲਈ ਸਮਾਜ

ਦਾ ਸਾਂਝਾ ਉਪਰਾਲਾ ਕਰਾਇਆ ਜਾਂਦਾ ਹੈ । ਜੇ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜੀਵਨ ਤੋਂ ਕੇਵਲ ਜੰਗ ਦੀ ਪ੍ਰੇਰਨਾ ਹੀ ਲਈਏ ਤਾਂ ਇਸ ਦਾ ਅਰਥ ਇਹ ਹੋਵੇਗਾ ਕਿ ਜਿਵੇਂ ਉਹਨਾਂ ਦੇ ਜੀਵਨ ਤੋਂ ਪ੍ਰਾਣੀ-ਮਾਤਰ ਦੀਆਂ ਅਨੇਕਾਂ ਬੇਵੱਸੀਆਂ ਦੇ ਹੱਲ ਲਈ ਕੋਈ ਪ੍ਰੇਰਨਾ ਨਹੀਂ ਮਿਲਦੀ । ਇਹ ਉਹਨਾਂ ਨਾਲ ਬੇਇਨਸਾਫ਼ੀ ਹੀ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ ਨੂੰ ਭਾਈ ਨੰਦ ਲਾਲ ਜੀ ਨੇ ਹੇਠ ਲਿਖੇ ਸ਼ਬਦਾਂ ਵਿਚ ਲਿਖ ਕੇ ਕੁੱਜੇ ਵਿਚ ਦਰਿਆ ਨੂੰ ਬੰਦ ਕਰ ਦਿੱਤਾ ਸੀ :-

ਕਾਦਰੇ ਹਰ ਕਾਰ ਗੁਰੂ ਗੋਬਿੰਦ ਸਿੰਘ ।

ਬੇ ਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ ।

ਕਾਦਰੇ ਹਰ ਕਾਰ: ਪ੍ਰਾਣੀ-ਮਾਤਰ ਦੀ ਭਲਾਈ ਨਾਲ ਸੰਬੰਧ ਰੱਖਣ ਵਾਲੀ ਹਰ ਸਮੱਸਿਆ ਦਾ ਹੱਲ ਕਰ ਸਕਣ ਦੀ ਸ਼ਕਤੀ ਵਾਲਾ ।

ਬੇ ਕਸਾਂ ਰਾ : ਉਹ ਪ੍ਰਾਣੀ ਜਿਹੜਾ ਆਪਣੀ ਰੱਖਿਆ ਆਪ ਨਾ ਕਰ ਸਕਦਾ ਹੋਇਆ ਹੋਰਨਾਂ ਤੋਂ ਸਹਾਇਤਾ ਦਾ ਮੁਥਾਜ ਹੋਵੇ ।

ਰੱਬ ਨੂੰ ਚੇਤੇ ਰੱਖਣ ਦਾ ਅਰਥ ਰੱਬ ਦੇ ਗੁਣ ਗ੍ਰਹਿਣ ਕਰਨਾ ਤੇ ਉਹਨਾਂ ਕੰਮਾਂ ਨੂੰ ਕਰਨ ਲਈ ਤਿਆਰ ਰਹਿਣਾ ਹੈ ਜਿਨ੍ਹਾਂ ਦੀ ਚਿੰਤਾ ਉਸ ਨੂੰ ਲੱਗੀ ਰਹਿੰਦੀ ਹੈ :-

"ਸਗਲ ਕੀ ਚਿੰਤਾ ਜਿਸੁ ਮਨ ਮਾਹਿ ॥

ਤਿਸ ਤੇ ਬਿਰਥਾ ਕੋਈ ਨਾਹਿ ॥" (ਅੰਗ ੨੮੨)

ਭਾਵ ਇਹ ਹੈ ਕਿ ਰੱਬ ਦੇ ਪੈਦਾ ਕੀਤੇ ਹੋਏ ਸਭ ਜੀਆਂ ਨੂੰ ਆਪਣਾ ਹੀ ਸਰੂਪ ਸਮਝਣਾ; ਵਿਸ਼ੇਸ਼ ਕਰਕੇ ਉਹਨਾਂ ਜੀਆਂ ਨੂੰ ਜਿਹੜੇ ਆਪਣੀ ਰੱਖਿਆ ਤੇ ਆਪਣੀ ਸੰਭਾਲ ਆਪ ਨਾ ਕਰ ਸਕਦੇ ਹੋਣ । ਅਜਿਹੇ ਪ੍ਰਾਣੀ ਅਨਾਥ ਤੇ ਰੋਗੀ ਹੀ ਹੁੰਦੇ ਹਨ, ਉਹ ਆਪਣੀ ਸੰਭਾਲ ਆਪ ਨਹੀਂ ਕਰ ਸਕਦੇ । ਅਨਾਥਾਂ ਤੇ ਰੋਗੀਆਂ ਨੂੰ ਰੱਬ ਨੇ ਉਹਨਾਂ ਲੋਕਾਂ ਦੇ ਸਪੁੱਰਦ ਕੀਤਾ ਹੁੰਦਾ ਹੈ ਜੋ ਉਸ ਦਾ ਹੀ ਰੂਪ ਹੋ ਗਏ ਹੁੰਦੇ ਹਨ ਤੇ ਉਸ ਦਾ ਹਥਿਆਰ ਬਣ ਕੇ ਉਸ ਦੀ ਥਾਂ ਤੇ ਉਸ ਦੇ ਕੰਮੀਂ ਲੱਗਦੇ ਹਨ । ਉਨ੍ਹਾਂ ਨੂੰ ਬ੍ਰਹਮ ਗਿਆਨੀ ਕਿਹਾ ਜਾਂਦਾ ਹੈ; ਕਿਉਂਕਿ ਉਹਨਾਂ ਨੇ ਹੀ ਬ੍ਰਹਮ ਨੂੰ ਠੀਕ ਸਮਝਿਆ ਹੁੰਦਾ ਹੈ । ਮਹਾਰਾਜ ਦੱਸਦੇ ਹਨ-

ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥

ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥ (ਅੰਗ ੨੭੩)

ਬ੍ਰਹਮ ਗਿਆਨੀ ਦਾ ਹੱਥ ਤਾਂ ਸਗੋਂ ਸਭ ਕਿਸੇ ਦੇ ਸਿਰ 'ਤੇ ਹੁੰਦਾ ਹੈ । ਇਸ ਲਈ ਬ੍ਰਹਮ ਗਿਆਨੀ ਦੀ ਤਸਵੀਰ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਪਿਛਲੇ ਪੰਨੇ ਉੱਤੇ ਦਿੱਤੇ ਗਏ ਭਾਈ ਨੰਦ ਲਾਲ ਜੀ ਦੇ 'ਕਾਦਰੇ ਹਰ ਕਾਰ' ਵਾਲੇ ਵਾਕ ਵਿਚ ਦਰਸਾਈ ਗਈ ਹੈ ।



ਕਬੀਰ ਜੀ ਜਦ ਕਹਿੰਦੇ ਹਨ :-

"ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ॥

ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥

(ਅੰਗ ੧੩੬੭)

ਤਾਂ ਉਹਨਾਂ ਦਾ ਭਾਵ ਇਹ ਹੁੰਦਾ ਸੀ ਕਿ ਸਭ ਧਰਮ ਅਸਥਾਨ, ਸਭ ਆਸ਼ਰਮ ਜੋ ਰੱਬ ਦੇ ਨਾਮ 'ਤੇ ਚਾਲੂ ਕੀਤੇ ਜਾਂਦੇ ਹਨ ਸਭ ਦੇ ਸਾਂਝੇ ਹੁੰਦੇ ਹਨ ਤੇ ਵਿਸ਼ੇਸ਼ ਕਰਕੇ ਗ਼ਰੀਬਾਂ ਤੇ ਅਨਾਥਾਂ ਦੇ ਜਿਨ੍ਹਾਂ ਦਾ ਰੱਬ ਤੋਂ ਬਿਨਾਂ ਹੋਰ ਕੋਈ ਹੁੰਦਾ ਨਹੀਂ ਜਾਂ ਬਣਦਾ ਨਹੀਂ ।

ਰੱਬ ਨੇ ਸਰੀਰਕ ਰੂਪ ਧਾਰ ਕੇ ਗ਼ਰੀਬਾਂ, ਅਨਾਥਾਂ ਦੀ ਸੇਵਾ ਸੰਭਾਲ ਨਹੀਂ ਕਰਨੀ ਹੁੰਦੀ, ਆਪਣੇ ਸੇਵਕਾਂ ਤੇ ਆਪਣੀਆਂ ਸੰਸਥਾਵਾਂ ਤੋਂ ਹੀ ਕਰਾਣੀ ਹੁੰਦੀ ਹੈ। ਇਹਨਾਂ ਅਰਥਾਂ ਵਿਚ ਉਹ ਸੇਵਕ ਮਾਤਾ, ਪਿਤਾ, ਬੰਧਪੁ ਭ੍ਰਾਤਾ ਤੇ ਸਭ ਦੇ ਰਾਖੇ ਹੋ ਜਾਂਦੇ ਹਨ ।

ਪਰ ਪ੍ਰਾਣੀ-ਮਾਤਰ ਦੇ ਭਲੇ ਨਾਲ ਸੰਬੰਧ ਰੱਖਣ ਵਾਲਾ ਕੋਈ ਖੇਤਰ ਵੀ ਸਿੱਖ ਗੁਰੂ ਸਾਹਿਬਾਨ ਦੀ ਨਿਗਾਹ ਤੋਂ ਦੂਰ ਨਹੀਂ ਸੀ, ਭਾਵੇਂ ਉਹ ਖੇਤਰ ਰਾਜਸੀ ਸੀ, ਆਰਥਿਕ ਸੀ, ਸਮਾਜਿਕ ਸੀ, ਵਿਦਿਅਕ ਸੀ, ਜਾਂ ਧਾਰਮਿਕ ਸੀ । ਹਰ ਅਜਿਹੇ ਖੇਤਰ ਵੱਲ ਉਹਨਾਂ ਨੇ ਨਾ ਕੇਵਲ ਆਪ ਪੂਰਾ ਧਿਆਨ ਦਿੱਤਾ ਬਲਕਿ ਆਪਣੇ ਸਿੱਖਾਂ ਨੂੰ ਵੀ ਆਪਣੇ ਨਾਲ ਲਾ ਕੇ ਰੱਖਿਆ । ਸਿੱਟਾ ਇਹ ਹੈ ਕਿ ਗੁਰੂ ਸਾਹਿਬਾਨ ਨੇ ਪ੍ਰਾਣੀ-ਮਾਤਰ ਦੇ ਭਲੇ ਨਾਲ ਸੰਬੰਧ ਰੱਖਣ ਵਾਲੀ ਹਰ ਸਮੱਸਿਆ ਨੂੰ ਹੱਲ ਕਰਨ ਦੀ ਜ਼ਿੰਮੇਵਾਰੀ ਆਪਣੇ ਰੂਪ ਖ਼ਾਲਸਾ ਜੀ ਦੇ ਸਿਰ 'ਤੇ ਪਾ ਗਏ ਹਨ ਜੋ ਹੁਣ ਖ਼ਾਲਸੇ ਨੇ ਚੁੱਕਣੀ ਹੈ ।

'ਖ਼ਾਲਸਾ ਮੇਰੋ ਰੂਪ ਹੈ ਖਾਸ ।

ਖ਼ਾਲਸੇ ਮੇ ਹਉ ਕਰਉਂ ਨਿਵਾਸ । (ਪੰਥ ਪ੍ਰਕਾਸ਼)

ਜਦ ਇਕ ਬ੍ਰਾਹਮਣ ਨੇ ਖ਼ਾਲਸਾ ਜੀ ਪਾਸ ਆ ਕੇ ਫ਼ਰਿਆਦ ਕੀਤੀ ਕਿ ਉਸ ਦੀ ਬ੍ਰਾਹਮਣੀ ਨੂੰ ਕਸੂਰ ਦਾ ਪਠਾਣ ਹਾਕਮ ਜ਼ਬਰਨ ਖੋਹ ਕੇ ਲੈ ਗਿਆ ਹੈ ਤੇ ਉਸ ਨੂੰ ਉਹ ਵਾਪਸ ਦਿਵਾਈ ਜਾਵੇ, ਤਾਂ ਖ਼ਾਲਸਾ ਜੀ ਉਸੇ ਵੇਲੇ ਜਥੇ ਦੇ ਰੂਪ ਵਿਚ ਕਸੂਰ ਨੂੰ ਤੁਰ ਪਏ ਸਨ ਤੇ ਉਸ ਬ੍ਰਾਹਮਣ ਦੀ ਬ੍ਰਾਹਮਣੀ ਵਾਪਸ ਲਿਆ ਕੇ ਉਸ ਦੇ ਹਵਾਲੇ ਕੀਤੀ ਸੀ । ਇਹ ਕਾਰਜ ਸਿਰ ਧੜ ਦੀ ਬਾਜ਼ੀ ਲਾ ਕੇ ਸਿਰੇ ਚਾੜ੍ਹਿਆ ਗਿਆ ਸੀ । ਇਸ ਕਾਰਨਾਮੇ ਨਾਲ ਖ਼ਾਲਸਾ ਜੀ ਨੇ ਕਬੀਰ ਜੀ ਦੇ ਉੱਤੇ ਦਿੱਤੇ ਗਏ ਸ਼ਬਦ ਦੀ ਕਸਵੱਟੀ ਉੱਤੇ ਪੂਰਾ ਉਤਰ ਕੇ ਦਿਖਾਇਆ ਸੀ ।

ਅਨਿਕ ਭਾਂਤਿ ਕਰਿ ਸੇਵਾ ਕਰੀਐ ॥

ਜੀਉ ਪ੍ਰਾਨ ਧਨੁ ਆਗੈ ਧਰੀਐ ॥ (ਅੰਗ ੩੯੧)

ਸਿੱਖ ਗੁਰੂ ਸਾਹਿਬਾਨ ਵੱਲੋਂ ਪ੍ਰਾਣੀ-ਮਾਤਰ ਦੀ ਭਲਾਈ ਨਾਲ ਸੰਬੰਧ ਰੱਖਣ ਵਾਲੇ ਕੀਤੇ ਗਏ ਅਨੇਕ ਪ੍ਰਕਾਰ ਦੇ ਮਹਾਨ ਕਾਰਜਾਂ ਦਾ ਗਿਆਨ ਦੇਣ ਲਈ ਕੁਝ ਇਸ਼ਤਿਹਾਰ ਛਪ ਚੁੱਕੇ ਹਨ ਤੇ ਕਈ ਹੋਰ ਛਾਪੇ ਜਾਣੇ ਹਨ । ਛਪੇ ਹੋਏ ਇਸ਼ਤਿਹਾਰਾਂ ਵਿਚੋਂ ਇਕ ' ਸ੍ਰੀ ਗੁਰੂ ਅਰਜਨ ਦੇਵ ਜੀ ਤੇ ਲਾਹੌਰ ਦਾ ਕਾਲ' ਤੇ ਦੂਜਾ 'ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮਾਜ ਉਸਾਰੂ ਤੇ ਪਰਉਪਕਾਰੀ ਜੀਵਨ ਦੀ ਝਾਕੀ ਹੈ ।'

ਸੱਭਿਅਤਾ ਸਦਾ ਕਿਸੇ ਵੰਗਾਰ ਦਾ ਉੱਤਰ ਹੁੰਦਾ ਹੈ ਤੇ ਇਸ ਦਾ ਉੱਤਰ ਦੇਣ ਲਈ ਸਦਾ ਇਹ ਸੋਚਣਾ ਹੁੰਦਾ ਹੈ ਕਿ ਸਮੇਂ ਦੇ ਕਿਹੜੇ ਭੈੜੇ ਹਾਲਾਤ ਹਨ ਜਾਂ ਕਿਸੇ ਥਾਂ ਦੇ ਕਿਹੜੇ ਭੈੜੇ ਹਾਲਾਤ ਹਨ ਜਿਨ੍ਹਾਂ ਨੂੰ ਠੀਕ ਕਰਨ ਦੀ ਲੋੜ ਹੈ ।

–o–

***"ਜਿਨ੍ਹਾਂ ਬੰਦਿਆਂ ਦੇ ਹਿਰਦਿਆਂ ਵਿਚ ਧਰਮ ਗ੍ਰੰਥਾਂ ਦੀ ਬਾਣੀ ਤੇ ਪ੍ਰਾਣੀ-ਮਾਤਰ ਦੇ ਭਲੇ ਲਈ ਜੀਵਨ ਅਰਪਣ ਕਰਨ ਦੇ ਪ੍ਰਬਲ ਸੰਸਕਾਰ ਸਮਾਏ ਹੋਏ ਹੁੰਦੇ ਹਨ, ਉਹ ਆਪਣੇ ਤਨ ਮਨ ਧਨ ਦੀਆਂ ਸ਼ਕਤੀਆਂ ਵਰਤਦੇ ਹੋਏ ਪ੍ਰਾਣੀ-ਮਾਤਰ ਦੇ ਭਲੇ ਲਈ ਅਨੇਕਾਂ ਨਵੇਂ ਕਾਰਜ ਆਰੰਭ ਕਰ ਕੇ ਉਨ੍ਹਾਂ ਕਾਰਜਾਂ ਨੂੰ ਸਿਰੇ ਚਾੜ੍ਹਨ ਲਈ ਨਵੀਆਂ ਯੋਜਨਾਵਾਂ ਬਣਾ ਦਿੱਤਾ ਕਰਦੇ ਹਨ । ਮਹਿਰਿਸ਼ੀ ਰਾਬਿੰਦਰਾ ਨਾਥ ਟੈਗੋਰ ਦਾ ਵਾਕ ਹੈ :"***

***"Every child comes with the message that God is not yet discouraged with man."***



# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਤੋਂ ਸੇਧਾਂ

ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥ (ਅੰਗ ੬੪੭)

ਅਰਥਾਤ—ਮਹਾਂਪੁਰਸ਼ ਆਪਣੀ ਸਿੱਖਿਆ ਤਾਂ ਕਿਸੇ ਬੰਦੇ ਜਾਂ ਬੰਦਿਆਂ ਦੇ ਸੰਬੰਧ ਵਿਚ ਦਿੰਦੇ ਹਨ, ਪਰ ਉਹ ਸਾਰੇ ਜਗਤ ਲਈ ਸਾਂਝੀ (ਤੇ ਹਰ ਸਮੇਂ ਲਈ) ਹੁੰਦੀ ਹੈ ।

ਸੰਸਾਰ ਦਾ ਇਤਿਹਾਸ ਦੱਸਦਾ ਹੈ ਕਿ ਦੇਸ਼ਾਂ ਤੇ ਕੌਮਾਂ ਨੂੰ ਕਈ ਪ੍ਰਕਾਰ ਦੀਆਂ ਮੁਸੀਬਤਾਂ ਵਾਪਰਦੀਆਂ ਰਹੀਆਂ ਹਨ ਜਿਨ੍ਹਾਂ ਤੋਂ ਉਹਨਾਂ ਨੂੰ ਮਹਾਂਪੁਰਸ਼ ਹੀ ਬਚਾਉਂਦੇ ਰਹੇ ਹਨ । ਸਿੱਖ ਗੁਰੂ ਸਾਹਿਬਾਨ ਨੇ ਵੀ ਭਾਰਤ ਨੂੰ ਜਾਗ੍ਰਿਤੀ ਦੇ ਕੇ ਮੁਸੀਬਤਾਂ ਤੋਂ ਬਚਣ ਲਈ ਤਿਆਰ ਕੀਤਾ ਸੀ ਜਿਨ੍ਹਾਂ ਵਿਚੋਂ ਅਸੀਂ ਦੋ ਦਾ ਚਰਚਾ ਆਸਾਨੀ ਨਾਲ ਕਰ ਸਕਦੇ ਹਾਂ—ਇਕ ਬਾਹਰਲੇ ਹਮਲਾਵਰਾਂ ਨੂੰ ਠੱਲ੍ਹ ਪਾਉਣਾ ਅਤੇ ਇਕ ਮੁਗ਼ਲ ਸਾਮਰਾਜ ਤੋਂ ਖਲਾਸੀ ਦਿਵਾਉਣੀ । ਹਮਲਿਆਂ ਬਾਬਤ ਭਾਰਤ ਦੇ ਪ੍ਰਸਿੱਧ ਇਤਿਹਾਸਕਾਰ ਭਾਈ ਪਰਮਾਨੰਦ ਨੇ ਠੀਕ ਹੀ ਆਖਿਆ ਸੀ ਕਿ ਇਸ ਨੇ ਕਾਬਲ ਵੱਲੋਂ ਆਉਣ ਵਾਲੇ ਗ਼ੈਰ-ਮੁਲਕੀ ਹਮਲਿਆਂ ਦੇ ਦਰਿਆ ਦੇ ਰੁਖ਼ ਨੂੰ ਉਲਟਾਅ ਕੇ ਕਾਬਲ ਵੱਲ ਹੀ ਮੋੜ ਦਿੱਤਾ ਸੀ । ਦੇਸ਼ ਅੰਦਰ ਸਮੇਂ ਦੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਵੀ ਮਨ ਬਣਾਇਆ ਹੋਇਆ ਸੀ ਕਿ ਉਹ ਹਿੰਦੂ ਧਰਮ ਨੂੰ ਮਿਟਾ ਹੀ ਦੇਵੇਗਾ ਪਰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਦੇਸ਼ ਵਾਸੀਆਂ ਨੂੰ ਅਧਿਆਤਮਕ ਸ਼ਕਤੀ ਦੇ ਧਾਰਨੀ ਬਣਾ ਕੇ ਔਰੰਗਜ਼ੇਬ ਦਾ ਮੁਕਾਬਲਾ ਕਰਨ ਦੀ ਜਾਚ ਸਿਖਾਈ ਸੀ ਤੇ ਪਹਿਲਾਂ ਆਪਣੀ ਅਹੂਤੀ (ਬਲੀਦਾਨ) ਦੇ ਕੇ ਪਿਆਰ ਤੇ ਕੁਰਬਾਨੀ ਦਾ ਰਾਹ ਦਿਖਾਇਆ ਸੀ । ਇਹੀ ਕਾਰਨ ਹੈ ਕਿ ਦਸਮ-ਪਾਤਿਸ਼ਾਹ ਦੇ ਝੰਡੇ ਹੇਠ ਭਾਰਤ ਦੇ ਸਪੂਤ ਇਕੱਠੇ ਹੋ ਗਏ ਸਨ ਤੇ ਮੁਗ਼ਲਾਂ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਗਈਆਂ ਸਨ ।

ਕੌਮਾਂ ਤੇ ਦੇਸ਼ ਦੀਆਂ ਸਮੱਸਿਆਵਾਂ ਸਦਾ ਇਕੋ ਜਿਹੀਆਂ ਨਹੀਂ ਰਹਿੰਦੀਆਂ। ਉਦਾਹਰਣ ਦੇ ਤੌਰ 'ਤੇ ਇਸ ਸਮੇਂ ਨਾ ਕੋਈ ਇਕ ਪੁਰਖੀ ਰਾਜ ਹੈ ਤੇ ਨਾ ਜਨਤਕ ਰਾਇ ਦੀ ਅਣਹੋਂਦ ਹੀ ਹੈ ; ਕਿਉਂਕਿ ਦੇਸ਼ ਅੰਦਰ ਹੁਣ ਪਰਜਾ-ਤੰਤਰ ਕਾਇਮ ਹੋ ਚੁੱਕਾ ਹੋਇਆ ਹੈ, ਪਰ ਬੇਅੰਤ ਹੋਰ ਸਮੱਸਿਆਵਾਂ ਹਨ ਜਿਨ੍ਹਾਂ ਦਾ ਹੱਲ ਅਸੀਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਜੀਵਨ ਤੋਂ ਭਲੀ ਪ੍ਰਕਾਰ ਲੱਭ ਸਕਦੇ ਹਾਂ ।

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਦੇਸ਼ ਨੂੰ ਨਿਰਾ ਅਜ਼ਾਦੀ ਦਾ ਰਾਹ ਹੀ ਨਹੀਂ ਵਿਖਾਇਆ ਸੀ, ਸਗੋਂ ਆਰਥਿਕ, ਸਮਾਜਿਕ, ਵਿਦਿਅਕ ਤੇ ਧਾਰਮਿਕ ਖੇਤਰ ਵਿਚ ਵੀ ਅਗਵਾਈ ਦਿੱਤੀ ਸੀ । ਜੇ ਅਸੀਂ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਇਸ ਅਗਵਾਈ ਦੀ ਗੱਲ ਤੋਂ ਜਾਣੂ ਨਾ ਕਰਾਈਏ ਤਾਂ ਉਹ ਸਮਝਣਗੇ ਕਿ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਇਸ ਸਮੇਂ ਕੋਈ ਲੋੜ ਨਹੀਂ । ਇਸ ਤੋਂ ਛੁੱਟ ਅੱਜ ਦਾ

ਗੱਭਰੂ ਆਰਥਿਕ ਉੱਨਤੀ ਲਈ ਆਪਣੇ ਸਭਿਆਚਾਰਕ ਵਿਰਸੇ ਵਿਚੋਂ ਸਮੇਂ ਦੀਆਂ ਲੋੜਾਂ ਅਨੁਸਾਰ ਆਰਥਿਕ ਗਿਆਨ ਨਾ ਮਿਲਣ ਦੇ ਕਾਰਨ ਕਮਿਊਨਿਜ਼ਮ ਵੱਲ ਝੁਕ ਕੇ ਮਜ਼ਹਬ ਤੋਂ ਹੀ ਬੇਮੁੱਖ ਹੋ ਸਕਦਾ ਹੈ । ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਦੇਸ਼ ਦੀ ਆਰਥਿਕ ਉੱਨਤੀ ਲਈ ਅਨੇਕਾਂ ਕੰਮ ਕੀਤੇ ਸਨ ਜਿਨ੍ਹਾਂ ਦਾ ਵਿਸਥਾਰ ਦਿੱਤਿਆਂ ਨੌਜਵਾਨ ਬੱਚੇ ਸਿੱਖੀ ਵੱਲ ਪ੍ਰੇਰੇ ਜਾਣਗੇ, ਗੁਰੂਆਂ ਨੂੰ ਪਿਆਰ ਕਰਨਗੇ ਤੇ ਸਿੱਖੀ ਉੱਤੇ ਮਾਣ ਕਰਨਗੇ । ਜਿਨ੍ਹਾਂ ਈਸਾਈ ਦੇਸ਼ਾਂ ਵਿਚ ਕਮਿਊਨਿਜ਼ਮ ਆਇਆ ਹੈ ਉਸ ਦਾ ਕਾਰਨ ਵੀ ਇਹ ਹੈ ਕਿ ਈਸਾਈਆਂ ਦੇ ਦਿਲਾਂ ਵਿਚ ਈਸਾਈ ਧਰਮ ਦਾ ਇਸ ਪੱਖੋਂ ਗਿਆਨ ਨਹੀਂ ਦਿੱਤਾ ਗਿਆ ਸੀ । ਹੋਰ ਵੇਖੋ, ਇਸ ਸਮੇਂ ਭਾਰਤ ਵਿਚ ਇਕ ਸਵਾਲ ਇਹ ਹੈ ਕਿ ਇਸ ਦੀ ਵਧ ਰਹੀ ਅਬਾਦੀ ਦੀਆਂ ਲੋੜਾਂ ਅਨੁਸਾਰ ਜੀਵਨ ਨਿਰਬਾਹ ਦੀਆਂ ਵਸਤਾਂ ਪੈਦਾ ਹੋ ਰਹੀਆਂ ਹਨ ਜਾਂ ਨਹੀਂ । ਇਸ ਸੰਭਾਲ ਨੂੰ ਦੇਸ਼ ਦੇ ਬੰਦਿਆਂ ਨੇ ਅੱਜ ਆਪਣੇ ਸਨਮੁੱਖ ਰੱਖਣਾ ਹੈ ਤੇ ਜੇ ਉਹ ਪਰਜਾ-ਤੰਤਰ ਦੇ ਢੰਗਾਂ ਨਾਲ ਇਸ ਦਾ ਹੱਲ ਨਹੀਂ ਲੱਭਣਗੇ ਤਾਂ ਕਮਿਊਨਿਜ਼ਮ ਦੇ ਢੰਗ ਵਰਤੇ ਜਾਣਗੇ ਤੇ ਜਨਤਾ ਪਰਜਾ-ਤੰਤਰ ਵੱਲੋਂ ਮੂੰਹ ਫੇਰ ਲਏਗੀ । ਭਾਰਤ ਇਕ ਅਜਿਹਾ ਦੇਸ਼ ਹੈ ਜਿਸ ਵਿਚ ਪ੍ਰਾਚੀਨ ਕਾਲ ਤੋਂ ਧਰਮ ਦਾ ਪ੍ਰਭਾਵ ਹੀ ਲੋਕਾਂ ਦੇ ਹਿਰਦਿਆਂ ਉੱਤੇ ਪ੍ਰਬਲ ਰੂਪ ਵਿਚ ਰਿਹਾ ਹੈ । ਭਾਰਤ ਵਾਸੀਆਂ ਦੇ ਧਰਮ ਦੀ ਇਸ ਭਾਵਨਾ ਜਿਸ ਦਾ ਮੁੱਖ ਲੱਛਣ ਦਇਆ, ਸੰਤੋਖ ਤੇ ਪਰਉਪਕਾਰ ਹੁੰਦੇ ਹਨ, ਨਾਲ ਅੱਜ ਦੀ ਪੀੜ੍ਹੀ ਨੂੰ ਆਪਣੇ ਆਰਥਿਕ ਮਸਲਿਆਂ ਨੂੰ ਹੱਲ ਕਰਨ ਲਈ ਜੇ ਅਸੀਂ ਨਹੀਂ ਪ੍ਰੇਰਾਂਗੇ ਤਾਂ ਕਮਿਊਨਿਜ਼ਮ ਆ ਸਕਦਾ ਹੈ । ਦੇਖੋ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਦੇਸ਼ ਦੀ ਜਨਤਾ ਨੂੰ ਪਹਿਲਾਂ ਅਧਿਆਤਮਕ ਤੌਰ 'ਤੇ ਬਲਵਾਨ ਕੀਤਾ ਅਤੇ ਜੀਵਨ ਦੇ ਸਭ ਖੇਤਰਾਂ ਨੂੰ ਹਰਾ-ਭਰਾ ਕੀਤਾ। ਲੋਕਾਂ ਦੀ ਆਰਥਿਕ ਉੱਨਤੀ ਲਈ ਗੁਰੂ ਸਾਹਿਬ ਨੇ ਬਰਾਨੀ ਜ਼ਮੀਨ ਵਿਚ ਖੂਹ ਲਗਵਾਏ ਤੇ ਉਨ੍ਹਾਂ 'ਤੇ ਹਲਟ ਵੀ । ਬੇ-ਘਰਾਂ ਵਾਸਤੇ ਗੁਰੂ ਸਾਹਿਬ ਨੇ ਘਰ ਬਣਵਾਏ, ਗ਼ਰੀਬ ਤੇ ਲੋੜਵੰਦ ਬੰਦਿਆਂ ਲਈ ਆਪਣੀ ਸਮਰੱਥਾ ਅਨੁਸਾਰ ਰਿਹਾਇਸ਼ ਦਾ ਪ੍ਰਬੰਧ ਵੀ ਆਪ ਨੇ ਕੀਤਾ ਤੇ ਗੁਰੂ ਕੇ ਲੰਗਰ ਰਾਹੀਂ ਪ੍ਰਸ਼ਾਦੇ ਦਾ ਵੀ । ਚੰਗੀ ਨਸਲ ਦੀਆਂ ਗਊਆਂ ਤੇ ਬੈਲ ਪਾਲਣ ਵਾਲਿਆਂ ਦਾ ਹੌਸਲਾ ਵਧਾਇਆ । ਜਿੱਥੇ ਦੁੱਧ ਦੀ ਘਾਟ ਸੀ ਉੱਥੇ ਗਊਆਂ ਭਿਜਵਾਈਆਂ। ਬੰਜਰ ਜ਼ਮੀਨਾਂ ਨੂੰ ਉਨ੍ਹਾਂ ਨੇ ਖੇਤੀ ਦੇ ਯੋਗ ਬਣਾਇਆ, ਰੁੱਖ ਲਗਵਾਏ, ਤਾਲਾਬ ਬਣਵਾਏ, ਧਰਮਸ਼ਾਲਾਵਾਂ ਬਣਵਾਈਆਂ ਅਤੇ ਗੁਰਦਵਾਰੇ ਬਣਵਾਏ । ਇਹਨਾਂ ਸਾਰੇ ਕਾਰਜਾਂ ਲਈ ਮਾਇਆ ਗੁਰੂ ਸਾਹਿਬ ਦੇ ਸਿੱਖ ਤੇ ਸ਼ਰਧਾਲੂ ਖ਼ੁਸ਼ੀ ਖ਼ੁਸ਼ੀ ਭੇਟ ਕਰਦੇ ਸਨ। ਗੁਰੂ ਸਾਹਿਬ ਨਸ਼ਿਆਂ ਦੇ ਸਖ਼ਤ ਵਿਰੋਧੀ ਸਨ ਤੇ ਖ਼ਾਸ ਤੌਰ 'ਤੇ ਤੰਬਾਕੂ ਦੇ। ਲੋਕ ਉਨ੍ਹਾਂ ਦੇ ਉਪਦੇਸ਼ਾਂ ਨੂੰ ਬੜੇ ਗਹੁ ਨਾਲ ਸੁਣਦੇ ਹੁੰਦੇ ਸਨ । ਆਪ ਨੇ ਚੋਰਾਂ ਤੇ ਡਾਕੂਆਂ ਨੂੰ ਧਰਮ ਦੀ ਕਮਾਈ ਕਰਨ ਵਾਲੇ ਨੇਕ ਬੰਦੇ ਬਣਾਉਣ ਦਾ ਯਤਨ ਕੀਤਾ ਜਿਨ੍ਹਾਂ ਵਿਚੋਂ ਅਨੇਕਾਂ ਨੇ ਮਾਰ ਕੁਟਾਈ ਤੇ ਕਤਲਾਂ ਨਾਲ ਦੂਜਿਆਂ ਕੋਲੋਂ ਧਨ ਖੋਹਣ ਤੇ ਚੋਰੀ ਡਾਕੇ ਦੇ ਕਿੱਤੇ ਛੱਡ ਕੇ ਧਰਮ ਦੇ ਰਾਹ ਦੁਆਰਾ ਦਸਾਂ ਨਹੁੰਆਂ ਦੀ ਹੱਕ ਦੀ



ਕਮਾਈ ਦੇ ਕਿੱਤੇ ਫੜ ਲਏ ।

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਪਰਉਪਕਾਰ ਦੇ ਕਾਰਜ ਪਰਜਾ-ਤੰਤਰੀ ਰਾਜਸੀ ਢਾਂਚੇ ਦੀ ਜ਼ਿੰਦ-ਜਾਨ ਹਨ । ਜਿਸ ਦੇਸ਼ ਦੇ ਲੋਕਾਂ ਦੇ ਦਿਲਾਂ ਵਿਚ ਅਜਿਹੇ ਕਾਰਜਾਂ ਨੂੰ ਕਰਨ ਦੀ ਭਾਵਨਾ ਘਟ ਜਾਵੇ ਉਸ ਦੇਸ਼ ਵਿਚ ਅਜਿਹੀ ਸਰਕਾਰ ਆ ਜਾਇਆ ਕਰਦੀ ਹੈ ਜਿਹੜੀ ਲੋਕਾਂ ਦੇ ਜਾਇਦਾਦ ਰੱਖਣ ਦੇ ਅਧਿਕਾਰ ਤੇ ਅਜ਼ਾਦੀਆਂ ਨੂੰ ਘਟਾਉਂਦੀ ਹੋਵੇ । ਕਮਿਊਨਿਸਟ ਸਰਕਾਰ ਸਮਾਜ ਕਲਿਆਣ ਦੇ ਨਾਮ 'ਤੇ ਆਇਆ ਕਰਦੀ ਹੈ । ਗੁਰੂ ਸਾਹਿਬ ਦੇ ਪਰਉਪਕਾਰ ਦੇ ਕਾਰਜਾਂ ਦੇ ਵਿਭਾਗ (Bureau)ਵਿਚੋਂ ਭਾਰਤ ਵਾਸੀਆਂ ਲਈ ਸਭ ਤੋਂ ਵੱਧ ਜ਼ਰੂਰੀ ਸਿੱਖਿਆ ਰੁੱਖਾਂ ਦਾ ਲਾਉਣਾ ਹੈ ਜਿਨ੍ਹਾਂ ਦੀ ਇਤਨੀ ਅੰਨ੍ਹੇਵਾਹ ਕਟਾਈ ਪਿਛਲੇ ਚਾਲੀ ਸਾਲਾਂ ਵਿਚ ਹੋ ਚੁੱਕੀ ਹੈ ਤੇ ਉਸ ਕਟਾਈ ਦੇ ਕਾਰਨ ਪਾਣੀ ਤੇ ਲੱਕੜ ਦੀ ਘਾਟ ਜੈਸੇ ਕਈ ਭਿਆਨਕ ਸੰਕਟ ਦੇਸ਼ ਵਿਚ ਖੜ੍ਹੇ ਹੋ ਚੁੱਕੇ ਹਨ । ਜੇ ਇਸੇ ਹਿਸਾਬ ਨਾਲ ਰੁੱਖ ਕੱਟੇ ਜਾਂਦੇ ਰਹੇ ਤਾਂ ਅਗਲੇ ਪੰਦਰਾਂ ਸਾਲਾਂ ਵਿਚ ਭਾਰਤ ਦੀ ਧਰਤੀ ਦੀ ਉਪਜਾਊ-ਸ਼ਕਤੀ ਚਿੰਤਾਜਨਕ ਹੱਦ ਤਕ ਘਟ ਜਾਵੇਗੀ ਤੇ ਅਗਲੇ ਚਾਲੀ ਸਾਲਾਂ ਵਿਚ ਭਾਰਤ ਦੀ ਸਾਰੀ ਧਰਤੀ ਰੇਤ ਦਾ ਮਾਰਥੂਲ ਬਣ ਕੇ ਰਹਿ ਜਾਵੇਗੀ । ਕਰੋੜਾਂ ਬੰਦੇ ਭੁੱਖ ਨਾਲ ਮਰ ਜਾਣਗੇ। ਰੁੱਖਾਂ ਦੀ ਘਾਟ ਤੋਂ ਪੈਦਾ ਹੋਣ ਵਾਲੀਆਂ ਤਬਾਹੀਆਂ ਦੀ ਗਿਣਤੀ ਇਤਨੀ ਜ਼ਿਆਦਾ ਹੈ ਜਿਨ੍ਹਾਂ ਨੂੰ ਸੁਣ ਕੇ ਲੋਕਾਂ ਦੀ ਨੀਂਦ ਹਰਾਮ ਹੋ ਸਕਦੀ ਹੈ । ਇਸ ਸਮੇਂ ਹਰ ਸਿੱਖ ਨੂੰ ਚਾਹੀਦਾ ਹੈ ਕਿ ਉਹ ਰੁੱਖਾਂ ਦੇ ਪਰਚਾਰ ਲਈ ਦਸਵੰਧ ਕੱਢੇ ਤੇ ਸਾਨੂੰ ਮਾਇਆ ਭੇਜੇ, ਤਾਂ ਜੋ ਇਸ ਸਮੇਂ ਭਾਰਤ ਦੀ ਧਰਤੀ ਨੂੰ ਮਾਰਥੂਲ ਹੋਣ ਤੋਂ ਬਚਾਉਣ ਲਈ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ ਦੇ ਇਤਿਹਾਸ ਨਾਲ ਸੰਬੰਧ ਰੱਖਣ ਵਾਲੇ ਇਸ ਲੇਖ ਨੂੰ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਵਿਚ ਛਾਪ-ਛਾਪ ਕੇ ਦੇਸ਼ ਦੇ ਕੋਨੇ-ਕੋਨੇ ਵਿਚ ਪਹੁੰਚਾਇਆ ਜਾ ਸਕੇ । ਜੰਗਲਾਤ ਅਫ਼ਸਰਾਂ ਨੂੰ ਇਹ ਪਤਾ ਲੱਗੇ ਕਿ ਧਰਤੀ ਨੂੰ ਮਾਰਥੂਲ ਹੋਣ ਤੋਂ ਬਚਾਉਣ ਦੀ ਚਿੰਤਾ ਉਨ੍ਹਾਂ ਮਹਾਂਪੁਰਸ਼ਾਂ ਨੂੰ ਹੋਇਆ ਕਰਦੀ ਹੈ ਜਿਨ੍ਹਾਂ ਨੇ ਗ਼ਰੀਬਾਂ ਤੇ ਮੁਥਾਜਾਂ ਲਈ ਲੰਗਰ ਚਲਾਉਣੇ ਹੁੰਦੇ ਹਨ ; ਕਿਉਂਕਿ ਉਨ੍ਹਾਂ ਨੇ ਇਕੱਲਿਆਂ ਪ੍ਰਸ਼ਾਦਾ ਨਹੀਂ ਛਕਣਾ ਹੁੰਦਾ ਬਲਕਿ ਨਗਾਰਾ ਵਜਾ ਕੇ ਭੁੱਖਿਆਂ ਨੂੰ ਸੱਦਾ ਦੇ ਕੇ ਸੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਣਾ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੰਗਰ ਦੀ ਪ੍ਰਥਾ ਚਾਲੂ ਕੀਤੀ ਸੀ । ਉਹ ਸਦਾ ਪ੍ਰਸ਼ਾਦਾ ਲੰਗਰ ਦੀ ਪੰਗਤ ਵਿਚ ਬੈਠ ਕੇ ਛਕਿਆ ਕਰਦੇ ਸਨ । ਉਨ੍ਹਾਂ ਨੇ ਜਗਤ ਗੁਰੂ ਹੁੰਦਿਆਂ ਹੋਇਆਂ ੫੩ ਸਾਲ ਦੀ ਉਮਰ ਵਿਚ ਖੇਤੀ ਦੇ ਕਿੱਤੇ ਨੂੰ ਅਪਨਾਇਆ ਸੀ। ਉਹ ੭੦ ਸਾਲ ਦੀ ਉਮਰ ਦੇ ਅਖ਼ੀਰ ਤਕ ਇਸ ਕਿੱਤੇ ਵਿਚ ਹੀ ਲੱਗੇ ਰਹੇ ਸਨ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖੇਤੀ ਦੀ ਚਿੰਤਾ ਇਸ ਲਈ ਹੀ ਕੀਤੀ ਸੀ ਕਿਉਂਕਿ ਉਨ੍ਹਾਂ ਨੇ ਲੰਗਰ ਦੀ ਪ੍ਰਥਾ ਚਲਾ ਦਿੱਤੀ ਸੀ । ਉਨ੍ਹਾਂ ਨੇ ਕਿਸੇ ਕਮਰੇ ਵਿਚ ਬੈਠ ਕੇ ਇਕੱਲਿਆਂ ਪ੍ਰਸ਼ਾਦਾ ਨਹੀਂ ਛਕਣਾ ਹੁੰਦਾ ਸੀ ਬਲਕਿ ਡੰਕਾ ਵਜਾ ਕੇ ਯਾਤਰੂਆਂ ਤੇ

ਅਪਾਹਿਜਾਂ ਸਭ ਨੂੰ ਆਪਣੇ ਨਾਲ ਪੰਗਤ ਵਿਚ ਬਿਠਾ ਕੇ ਪ੍ਰਸ਼ਾਦਾ ਛਕਣਾ ਹੁੰਦਾ ਸੀ । ਫਿਰ ਉਨ੍ਹਾਂ ਨੇ ਇਕੱਲੇ ਆਪਣੇ ਲੰਗਰ ਦਾ ਫ਼ਿਕਰ ਨਹੀਂ ਕਰਨਾ ਹੁੰਦਾ ਸੀ ਬਲਕਿ ਸਾਰੇ ਦੇਸ਼ ਦੇ ਚੁੱਲ੍ਹਿਆਂ ਦਾ ਫ਼ਿਕਰ ਕਰਨਾ ਹੁੰਦਾ ਸੀ ; ਇਸ ਲਈ ਉਨ੍ਹਾਂ ਨੇ ਅੰਨ ਪੈਦਾ ਕਰਨ ਵਾਲੀ ਧਰਤੀ ਨਾਲ ਵਾਹ ਪਾਇਆ। ਇਸੇ ਲੀਹ ’ਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਚਲਣਾ ਸੀ। ਉਨ੍ਹਾਂ ਨੇ ਲੋਕਾਂ ਨੂੰ ਬੈਲ ਮੁਫ਼ਤ ਦਿੱਤੇ । ਨੰਗੀ ਧਰਤੀ ਨੂੰ ਉਸ ਦੀ ਖੱਲੜੀ ਰੁੱਖਾਂ ਨਾਲ ਕੱਜਣ ਲਈ ਥਾਂ-ਥਾਂ ਰੁੱਖ ਲਗਵਾਏ। ਅੱਜ ਤੋਂ ਪੰਝੱਤਰ ਸਾਲ ਪਹਿਲਾਂ ਭਾਰਤ ਦੀ ਧਰਤੀ ਦੇ ਚਾਲੀ ਪ੍ਰਤੀਸ਼ਤ ਹਿੱਸੇ ਵਿਚ ਜੰਗਲ ਸਨ । ਸੰਨ 1992 ਵਿਚ ਜੰਗਲਾਂ ਦਾ ਰਕਬਾ ਘਟ ਕੇ ਨੌਂ ਪ੍ਰਤੀਸ਼ਤ ਰਹਿ ਗਿਆ ਹੈ । ਬਿਆਸੀ ਸਾਲਾਂ ਵਿਚ ਸੌ ਵਿਚੋਂ 75 ਹਿੱਸੇ ਰੁੱਖ ਕੱਟੇ ਗਏ ਹਨ । ਜੰਗਲਾਂ ਦੇ ਕੱਟੇ ਜਾਣ ਨਾਲ ਬਹੁਤ ਸਾਰੀ ਧਰਤੀ ਦੀ ਉਪਜਾਊ-ਸ਼ਕਤੀ ਨੂੰ ਨੁਕਸਾਨ ਪੁੱਜਿਆ ਹੈ ਤੇ ਉਪਜਾਊ-ਸ਼ਕਤੀ ਬਹੁਤ ਘਟ ਗਈ ਹੈ। ਜੰਗਲਾਂ ਦੇ ਕੱਟੇ ਜਾਣ ਨਾਲ ਕਈ ਦੇਸ਼ਾਂ ਦੀ ਧਰਤੀ ਰੇਤ ਦਾ ਮਾਰਥੂਲ ਬਣਦੀ ਜਾ ਰਹੀ ਹੈ। ਧਰਤੀ ’ਤੇ ਜੰਗਲਾਂ ਦਾ ਰਕਬਾ 33 ਪ੍ਰਤੀਸ਼ਤ ਚਾਹੀਦਾ ਹੈ । ਸੰਨ 2010 ਤਕ ਜਿਸ ਦੇ ਆਉਣ ਵਿਚ ਸੰਨ 1992 ਤੋਂ ਅਠਾਰਾਂ ਸਾਲ ਬਾਕੀ ਰਹਿ ਗਏ ਹਨ, ਸਾਡੇ ਦੇਸ਼ ਭਾਰਤ ਦੀ ਸਾਰੀ ਧਰਤੀ ਰੇਤ ਦਾ ਮਾਰਥੂਲ ਬਣ ਜਾਵੇਗੀ । ਰੁੱਖਾਂ ਦੀ ਅਣਹੋਂਦ ਤੋਂ ਮੀਂਹ ਨਾ ਪੈਣ ਦੇ ਕਈ ਸਾਲਾਂ ਦੇ ਸੋਕੇ ਆਉਣਗੇ , ਅੰਨ ਪੈਦਾ ਨਾ ਹੋਣ ਦੇ ਕਾਰਨ ਕਾਲ ਪੈਣਗੇ, ਲੋਕੀਂ ਭੁੱਖਾਂ ਨਾਲ ਕੀੜਿਆਂ ਵਾਂਗ ਬਿਨ ਆਈਆਂ ਮੌਤਾਂ ਮਰਨਗੇ । ਮੰਜਾ, ਕੁਰਸੀ, ਮੇਜ਼ ਤੇ ਮਕਾਨਾਂ ਦੇ ਬੂਹੇ ਲੋਹੇ ਦੇ ਬਣਾਉ। ਜਿਹੜਾ ਧਨ ਕਿਸੇ ਦੇ ਪਾਸ ਹੋਵੇ ਉਹ ਉਸ ਧਨ ਨੂੰ ਇਸ ਕੰਮ ’ਤੇ ਖ਼ਰਚ ਕਰੇ । ਗ਼ਰੀਬ ਤੇ ਬੇਕਾਰ ਬੰਦਿਆਂ ਨੂੰ ਮਜ਼ਦੂਰੀ ਦੇ ਕੇ ਉਨ੍ਹਾਂ ਪਾਸੋਂ ਰੁੱਖ ਲਗਵਾਉ । ਸ਼ਹਿਰਾਂ ਵਾਲੇ ਬੰਦੇ ਰੁੱਖ ਲਗਵਾਉਣ ਲਈ ਪਿੰਗਲਵਾੜੇ ਨੂੰ ਮਾਇਆ ਭੇਜਣ । ਵਡੱਪਣ ਦਾ ਪ੍ਰਗਟਾਵਾ ਕਰਨ ਲਈ ਜਾਂ ਅਰਾਮ-ਤਲਬੀ ਲਈ ਜਿਹੜੇ ਬੰਦੇ ਸਕੂਟਰਾਂ, ਮੋਟਰਕਾਰਾਂ ਨੂੰ ਵਰਤ ਰਹੇ ਹਨ ਉਹ ਅਨੇਕਾਂ ਤਬਾਹੀਆਂ ਨੂੰ ਪੈਦਾ ਕਰ ਰਹੇ ਹਨ ।

•••



# ਗੁਰਸਿੱਖੀ ਦੀ ਪੌੜੀ

## *ਉੱਤੇ ਚੜ੍ਹਨ ਲਈ ਮੈਨੂੰ ਪੌੜੀ ਦਾ ਦੂਜਾ ਡੰਡਾ ਕਿਸ ਰੂਪ ਵਿਚ ਨਜ਼ਰ ਆਇਆ*

ਮੇਰਾ ਜਨਮ ਸੰਨ 1904 ਈਸਵੀ ਵਿਚ ਹੋਇਆ । ਮੇਰੇ ਜਨਮ ਦੇ ਵੇਲੇ ਸਾਡਾ ਘਰ ਇਕ ਅਮੀਰ ਘਰਾਣਾ ਸੀ । ਮੇਰਾ ਬਾਪ ਜ਼ਮੀਨ ਦਾ ਮਾਮਲਾ ਵੀ 200 ਰੁਪਿਆ ਸਾਲਾਨਾ ਦਿੰਦਾ ਸੀ ਤੇ 52 ਰੁਪਏ ਸਾਲਾਨਾ ਇਨਕਮ ਟੈਕਸ ਵੀ । ਮੇਰੀ ਗਿਆਰਾਂ ਕੁ ਸਾਲ ਦੀ ਉਮਰ ਦੇ ਸਮੇਂ ਮੇਰੇ ਪਿਤਾ ਦਾ ਸ਼ਾਹੂਕਾਰੇ ਦਾ ਕਿੱਤਾ ਚਲਣੋਂ ਰਹਿ ਗਿਆ ਸੀ ਤੇ ਸਾਡੇ ਘਰ ਗ਼ਰੀਬੀ ਆ ਗਈ ਸੀ । ਆਪਣੀ ਮਾਂ ਦਾ ਮੈਂ ਇਕੱਲਾ ਪੁੱਤਰ ਸਾਂ । ਉਸ ਦੀ ਜ਼ਬਰਦਸਤ ਇੱਛਿਆ ਸੀ ਕਿ ਮੈਂ ਘੱਟੋ ਘੱਟ ਦਸ ਜਮਾਤਾਂ ਤਕ ਵਿੱਦਿਆ ਪੜ੍ਹ ਲਵਾਂ । ਗ਼ਰੀਬੀ ਆ ਜਾਣ ਉੱਤੇ ਮੇਰੀ ਪੜ੍ਹਾਈ ਲਈ ਮੇਰੇ ਮਾਂ-ਬਾਪ ਘਾਹ ਖੋਤ ਕੇ ਵੀ ਵੇਚਣ ਲੱਗੇ ; ਪਰ ਕਿਸੇ ਬੰਦੇ ਨੇ ਮੇਰੀ ਮਾਂ ਨੂੰ ਸਲਾਹ ਦਿੱਤੀ ਕਿ ਉਹ ਮਿੰਟਗੁਮਰੀ ਸ਼ਹਿਰ ਵਿਚ ਜੇਲ੍ਹ ਦੇ ਇਕ ਡਾਕਟਰ ਦੇ ਘਰ ਦਸ ਰੁਪਏ ਮਹੀਨੇ ਦੀ ਤਨਖ਼ਾਹ ’ਤੇ ਭਾਂਡੇ ਮਾਂਜਣ ਦੀ ਨੌਕਰੀ ਕਰ ਲਵੇ । ਉਹ ਜ਼ਿਲ੍ਹਾ ਸਾਡੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਾਜੇਵਾਲ ਤੋਂ 200 ਕੁ ਮੀਲ ਦੀ ਦੂਰੀ ਤੇ ਹੋਵੇਗਾ ।

ਮੈਂ ਸੱਤ ਸਾਲਾਂ ਦਾ ਸਮਾਂ ਆਪਣੇ ਪਿੰਡ ਦੇ ਲਾਗੇ ਦੇ ਕਸਬਾ ਖੰਨਾ ਵਿਚ ਪੜ੍ਹਦਾ ਰਿਹਾ ਤੇ ਬੋਰਡਿੰਗ ਹਾਊਸ ਵਿਚ ਰਹਿੰਦਾ ਰਿਹਾ । ਸੰਨ 1923 ਵਿਚ ਮੈਂ ਖੰਨਾ ਕਸਬੇ ਤੋਂ ਦਸਵੀਂ ਜਮਾਤ ਦਾ ਇਮਤਿਹਾਨ ਦਿੱਤਾ ਜਿਸ ਵਿਚ ਮੈਂ ਫੇਲ੍ਹ ਹੋਇਆ। ਦਸਵੀਂ ਜਮਾਤ ਤਕ ਮੇਰੀ ਮਾਂ ਨੇ ਮੇਰੀ ਪੜ੍ਹਾਈ ਦਾ ਸਾਰਾ ਖ਼ਰਚ ਦੋ ਸ਼ਹਿਰਾਂ ਮਿੰਟਗੁਮਰੀ ਤੇ ਲਾਹੌਰ ਸ਼ਹਿਰ ਵਿਚ ਦਸ ਰੁਪਏ ਮਹੀਨਾ ਦੀ ਭਾਂਡੇ ਮਾਂਜਣ ਦੀ ਨੌਕਰੀ ਕਰਕੇ ਪੂਰਾ ਕੀਤਾ । ਇਸ ਖ਼ਰਚ ਵਿਚ ਬੋਰਡਿੰਗ ਹਾਊਸ ਦੀ ਫ਼ੀਸ ਤੇ ਰੋਟੀ ਦਾ ਖ਼ਰਚ ਵੀ ਸ਼ਾਮਲ ਸਨ । ਮੇਰੀ ਮਾਂ ਦੀ ਉਸ ਤਨਖ਼ਾਹ ਨਾਲ ਮੇਰੀ ਪੜ੍ਹਾਈ ਦਾ ਸਾਰਾ ਖ਼ਰਚ ਬੜੀ ਮੁਸ਼ਕਲ ਨਾਲ ਪੂਰਾ ਹੁੰਦਾ ਸੀ । ਜਿੰਨਾ ਚਿਰ ਮੈਂ ਪੜ੍ਹਦਾ ਰਿਹਾ ਓਨਾ ਚਿਰ ਮੈਂ ਬੋਰਡਿੰਗ ਹਾਊਸ 'ਚ ਰਿਹਾ; ਪਰ ਇਮਤਿਹਾਨ ਦੇ ਪਿਛੋਂ ਤਾਂ ਬੋਰਡਿੰਗ ਹਾਊਸ ਵਿਚ ਰਹਿ ਨਹੀਂ ਸਕਦਾ ਸੀ । ਮਾਂ ਨੇ ਲਾਹੌਰ ਸ਼ਹਿਰ ਤੋਂ ਪਿੰਡ ਨੂੰ ਮੁੜ ਕੇ ਆਉਣਾ ਨਹੀਂ ਸੀ । ਪਿੰਡ ਆ ਕੇ ਉਹ ਕੀ ਕਰ ਸਕਦੀ ਸੀ ਕਿਉਂਕਿ ਸਾਡੇ ਘਰ ਦੀ ਕੋਈ ਦਸਤਕਾਰੀ ਦਾ ਕਿੱਤਾ ਹੈ ਨਹੀਂ ਸੀ ; ਜਿਵੇਂ ਜੁਲਾਹੇ ਦਾ ਕੰਮ, ਤੇਲੀ ਦਾ ਕੰਮ, ਰੂੰ ਪਿੰਜਣ ਦਾ ਕੰਮ ਆਦਿ । ਇਸ ਲਈ ਉਸ ਨੇ ਤਾਂ ਕਿਸੇ ਅਮੀਰ ਘਰ ਦੀ ਨੌਕਰੀ ਕਰਦੇ ਰਹਿਣਾ ਸੀ । ਮੈਂ ਮਾਂ-ਬਾਪ ਦੇ ਵੱਸਦੇ ਘਰ ਜੰਮਿਆ ਪਲਿਆ ਸਾਂ ਤੇ ਮਾਂ-ਬਾਪ ਦਾ ਦਿਨ ਰਾਤ ਦਾ ਨਿੱਘ ਵਾਲਾ ਪਿਆਰ ਆਪਣੇ ਬਚਪਨ ਦੇ ਸਮੇਂ ਦੇਖਿਆ ਸੀ ; ਕਿਉਂਕਿ ਮੇਰੇ ਮਾਂ-ਬਾਪ ਨੌਕਰੀ ਕਰਨ ਵਾਲੇ ਨਹੀਂ ਸਨ ਜਿਹੜੇ ਸਾਰਾ ਦਿਨ ਘਰੋਂ ਬਾਹਰ ਰਹਿੰਦੇ । ਮੇਰੀ ਮਾਂ ਸਾਰਾ ਦਿਨ ਘਰ ਰਹਿੰਦੀ ਸੀ

ਤੇ ਹਰ ਵੇਲੇ ਮੇਰੀ ਹਰ ਇਕ ਹਰਕਤ ਨੂੰ ਦੇਖਦੀ ਰਹਿੰਦੀ ਸੀ ।

ਇਸ ਲਈ ਬੋਰਡਿੰਗ ਹਾਊਸ ਵਿਚੋਂ ਨਿਕਲਣ ਉੱਤੇ ਮੇਰੇ ਅੱਗੇ ਇਹ ਸਮੱਸਿਆ ਖੜ੍ਹੀ ਹੋਣੀ ਸੀ ਕਿ ਮੈਂ ਰਹਾਂ ਕਿੱਥੇ ਜਿੱਥੇ ਮੈਨੂੰ ਹਿਰਦੇ ਦਾ ਨਿੱਘ ਮਿਲੇ, ਸਤਿਕਾਰ ਮਿਲੇ, ਭਰੋਸਾ ਮਿਲੇ ਤੇ ਵਧਣ-ਫੁੱਲਣ ਦੇ ਸਾਰੇ ਸਾਧਨ ਮਿਲਣ । ਮੈਨੂੰ ਸਕੂਲ 'ਚੋਂ ਨਿਕਲਦੇ ਸਾਰ ਤਾਂ ਕੋਈ ਨੌਕਰੀ ਮਿਲ ਨਹੀਂ ਜਾਣੀ ਸੀ । ਇਕ ਮੈਂ ਪਿਆਰ ਤੇ ਸਤਿਕਾਰ ਨਾਲ ਪਲਿਆ ਹੋਇਆ ਸਾਂ । ਦਇਆ ਤੇ ਪਿਆਰ ਦੇ ਪ੍ਰਬਲ ਜਜ਼ਬੇ ਮੇਰੀ ਪਾਲਣਾ ਦੇ ਸਮੇਂ ਮੇਰੇ ਹਿਰਦੇ ਵਿਚ ਜਗਾਏ ਜਾ ਚੁੱਕੇ ਸਨ ਜਿਨ੍ਹਾਂ ਦੇ ਅਨੁਸਾਰ ਹੀ ਮੈਂ ਕੰਮ ਲੱਭਣਾ ਸੀ ਤੇ ਰਹਿਣ ਵਾਸਤੇ ਥਾਂ ਲੱਭਣੀ ਸੀ । ਇਹੋ ਜਿਹੇ ਪਿਆਰ ਦੇ ਪਲੇ ਹੋਏ ਨੇ ਨੌਕਰੀ ਹਰ ਥਾਂ ਥੋੜ੍ਹੀ ਕਰ ਲੈਣੀ ਸੀ । ਫਿਰ ਮੈਂ ਜਿਸ ਘਰ ਵਿਚ ਜੰਮਿਆ ਸੀ ਉਹ ਬਹੁਤ ਵਧੀਆ ਘਰ ਸੀ, ਹਵਾਦਾਰ ਵੀ ਸੀ ਤੇ ਖੁੱਲ੍ਹਾ ਵੀ ਸੀ । ਮੈਂ ਭੈੜੇ ਮਕਾਨ ਵਿਚ ਰਹਿਣ ਲਈ ਤਿਆਰ ਨਹੀਂ ਹੋ ਸਕਦਾ ਸੀ। ਇਸ ਲਈ ਰੱਬ ਨੂੰ ਮੇਰੇ ਲਈ ਕੰਮ ਤੇ ਰਹਿਣ ਲਈ ਥਾਂ ਲੱਭਣ ਲਈ ਫ਼ਿਕਰ ਕਰਨਾ ਪੈਣਾ ਸੀ । ਦਸਵੀਂ ਜਮਾਤ ਦਾ ਇਮਤਿਹਾਨ ਮੈਂ ਲੁਧਿਆਣਾ ਸ਼ਹਿਰ ਦੇ ਕੇਂਦਰ ਵਿਚ ਦਿੱਤਾ । ਜਦੋਂ ਲੁਧਿਆਣਾ ਸ਼ਹਿਰ ਤੋਂ ਖੰਨਾ ਕਸਬੇ ਨੂੰ ਪੈਦਲ ਵਾਪਸ ਜਾ ਰਿਹਾ ਸੀ ਤਾਂ ਰੱਬ ਦੀ ਕਲਾ ਉਸ ਪਿਆਰ ਨਾਲ ਮੈਨੂੰ ਰਾਹ ਵਿਚ ਵੀ ਅਗਾਂਹ ਹੋ ਕੇ ਰਾਹ ਦੇ ਅੱਧ ਵਿਚ ਇਹ ਕਹਿਣ ਨੂੰ ਮਿਲੀ ਕਿ ਤੈਨੂੰ ਅਜਿਹੇ ਘਰ ਲੈ ਚੱਲਾਂ ਜਿਹੜਾ ਕਦੇ ਉੱਜੜਦਾ ਨਹੀਂ ਤੇ ਜਿੱਥੇ ਖਾਣ-ਪੀਣ ਲਈ ਸਭ ਪਦਾਰਥ ਮੌਜੂਦ ਹੋਣਗੇ। ਤੇਰੇ ਘਰ ਨਾਲੋਂ ਉਸ ਘਰ ਦਾ ਵਾਤਾਵਰਣ ਵੀ ਵਧੇਰੇ ਪਵਿੱਤਰ ਹੋਵੇਗਾ ।

ਮੈਨੂੰ ਖੰਨਾ ਕਸਬੇ ਨੂੰ ਤੁਰੇ ਜਾਂਦੇ ਨੂੰ ਦੁਰਾਹੇ ਵਾਲੀ ਨਹਿਰ ਦੇ ਲਾਗੇ ਹਨੇਰਾ ਪੈ ਗਿਆ । ਹਨੇਰਾ ਪੈਣ ਉੱਤੇ ਮੇਰੇ ਰਸਤੇ ਵਿਚ ਇਕ ਖੂਹੀ ਆਈ ਜਿਹੜੀ ਦੁਰਾਹੇ ਵਾਲੀ ਜਰਨੈਲੀ ਸੜਕ ਉੱਤੇ ਸੀ ਜਿਸ ਉੱਤੇ ਮੈਂ ਤੁਰਿਆ ਜਾ ਰਿਹਾ ਸਾਂ । ਉਸ ਖੂਹੀ ’ਤੇ ਦੋ ਸਿੱਖ ਬੈਠੇ ਸਨ ਜਿਨ੍ਹਾਂ ਵਿਚੋਂ ਇਕ ਸੂਰਮਾ ਸਿੰਘ ਸੀ, ਉਹ ਸਿੰਘ 'ਰਹਿਰਾਸ ਸਾਹਿਬ' ਦਾ ਪਾਠ ਕਰ ਰਿਹਾ ਸੀ । ਦੂਜਾ ਸਿੰਘ, ਨਾਲ ਲੱਗਦੇ ਪਿੰਡ ਦਾ ਇਕ ਜ਼ਿਮੀਂਦਾਰ ਸੀ ਜਿਹੜਾ ਉਸ ਪਾਠ ਨੂੰ ਸੁਣ ਰਿਹਾ ਸੀ ਤੇ ਉਹ ਸਾਰਾ ਦਿਨ ਉਸ ਖੂਹੀ ਤੇ ਮੁਸਾਫ਼ਿਰਾਂ ਨੂੰ ਪਾਣੀ ਪਿਲਾਉਂਦਾ ਰਹਿੰਦਾ ਸੀ । ਉਨ੍ਹਾਂ ਦੋਹਾਂ ਨੇ ਮੈਨੂੰ ਕਿਹਾ ਕਿ ਭਾਈ ਕਾਕਾ ਜੇ ਤੂੰ ਰਾਤ ਕੱਟਣੀ ਹੈ ਤਾਂ ਇੱਥੇ ਕੱਟ ਸਕਦਾ ਹੈਂ। ਜੇ ਤੂੰ ਰੋਟੀ ਖਾਣੀ ਹੈ ਤਾਂ ਆਟਾ ਤੇ ਦਾਲ ਸਾਡੇ ਕੋਲੋਂ ਲੈ ਲੈ ਤੇ ਰੋਟੀ ਪਕਾ ਲੈ । ਪਰ ਚੰਗਾ ਇਹ ਹੈ ਕਿ ਰਾਤ ਕੱਟਣ ਲਈ ਤੂੰ ਗੁਰਦਵਾਰਾ ਰੇਰੂ ਸਾਹਿਬ ਚਲਿਆ ਜਾਵੇਂ ਜਿਹੜਾ ਡੇਢ ਕੁ ਮੀਲ ਦੀ ਵਿੱਥ ’ਤੇ ਹੈ। ਮੈਂ ਉੱਤਰ ਦਿੱਤਾ ਕਿ ਮੈਨੂੰ ਰਾਹ ਦਾ ਪਤਾ ਨਹੀਂ ਇਸ ਲਈ ਮੈਂ ਹਨੇਰੇ ਵਿਚ ਗੁਰਦਵਾਰੇ ਕਿਵੇਂ ਜਾਵਾਂ। ਮੈਂ ਇਹ ਵੀ ਕਿਹਾ ਕਿ ਅੱਜ ਮੇਰਾ ਵਰਤ ਹੈ ਤੇ ਮੈਂ ਵਰਤ ਵਾਲੇ ਦਿਨ ਰਾਤ ਨੂੰ ਇਕੋ ਵੇਲੇ ਮਿੱਠੇ ਨਾਲ ਰੋਟੀ ਖਾਇਆ ਕਰਦਾ ਹਾਂ । ਆਪਣੀ ਦਸਵੀਂ ਜਮਾਤ ਵਿਚ ਮੈਂ ਹਫ਼ਤੇ ਵਿਚ ਤਿੰਨ ਵਰਤ ਰੱਖਿਆ ਕਰਦਾ ਸਾਂ । ਮੰਗਲਵਾਰ ਵਾਲੇ ਦਿਨ ਦਾ ਵਰਤ ਹਨੂੰਮਾਨ ਜਤੀ ਦਾ



ਹੁੰਦਾ ਸੀ, ਵੀਰਵਾਰ ਦਾ ਵਰਤ ਸ਼ਾਇਦ ਭੈਰੋਂ ਜਤੀ ਦਾ ਹੁੰਦਾ ਸੀ ਤੇ ਤੀਜੇ ਵਰਤ ਬਾਰੇ ਮੈਨੂੰ ਯਾਦ ਨਹੀਂ ਰਿਹਾ ਕਿ ਉਹ ਕਿਸ ਦੇਵਤੇ ਦਾ ਵਰਤ ਹੁੰਦਾ ਸੀ । ਮੈਂ ਇਕ ਖ਼ੂਬਸੂਰਤ ਨੌਜਵਾਨ ਵਿਦਿਆਰਥੀ ਸਾਂ ਤੇ ਵਿਦਿਆਰਥੀਆਂ ਵਾਲੇ ਮੈਂ ਕੱਪੜੇ ਪਾਏ ਹੋਏ ਸਨ । ਜਦੋਂ ਉਨ੍ਹਾਂ ਸਿੰਘਾਂ ਨੇ ਇਹ ਸੁਣਿਆ ਕਿ ਮੈਂ ਹਫ਼ਤੇ ’ਚ ਤਿੰਨ ਵਰਤ ਰੱਖਦਾ ਹਾਂ ਤਾਂ ਉਹ ਆਪਸ ਵਿਚ ਹੈਰਾਨ ਹੋ ਕੇ ਗੱਲਾਂ ਕਰਨ ਲੱਗ ਪਏ ਕਿ ਇਸ ਦੀ ਉਮਰ ਕਿਹੜੀ ਹੈ ਤੇ ਇਹ ਮੁੰਡਾ ਇਸ ਉਮਰ ਵਿਚ ਤਿੰਨ ਵਰਤ ਰੱਖਦਾ ਹੈ । ਜ਼ਿਮੀਂਦਾਰ ਸਿੰਘ ਦੇ ਹਿਰਦੇ ਵਿਚ ਮੇਰੀ ਵਰਤਾਂ ਵਾਲੀ ਗੱਲ ਦੇ ਕਾਰਨ ਸਤਿਕਾਰ ਪੈਦਾ ਹੋਇਆ ਤੇ ਉਸ ਨੇ ਕਿਹਾ ਕਿ ਕਾਕਾ ਤੂੰ ਮੇਰੇ ਘਰ ਚੱਲ, ਉੱਥੇ ਮੈਂ ਤੈਨੂੰ ਮਿੱਠੇ ਨਾਲ ਰੋਟੀ ਵੀ ਦਿਆਂਗਾ ਤੇ ਸੌਣ ਲਈ ਜਗ੍ਹਾ ਵੀ । ਉਹ ਸਿੰਘ ਮੈਨੂੰ ਘਰ ਲੈ ਗਿਆ । ਉਸ ਨੇ ਮੈਨੂੰ ਕਾਂਸੀ ਦੇ ਛੰਨੇ ਵਿਚ ਘਿਓ-ਸ਼ੱਕਰ ਰਲਾ ਕੇ ਦਿੱਤਾ । ਰੋਟੀ ਘਰ ਬਚੀ ਹੋਈ ਨਹੀਂ ਸੀ । ਉਸ ਨੇ ਆਪਣੇ ਘਰ ਦੇ ਬਰਾਂਡੇ ਵਿਚ ਸੌਣ ਨੂੰ ਮੰਜਾ ਵੀ ਦਿੱਤਾ ।

ਦੂਜਾ ਦਿਨ ਚੜ੍ਹਦਿਆਂ ਹੀ ਮੈਂ ਗੁਰਦਵਾਰਾ ਰੇਰੂ ਸਾਹਿਬ ਪੁੱਜ ਗਿਆ। ਸਵੇਰੇ ਗੁਰਦਵਾਰੇ ਪੁੱਜਦਿਆਂ ਹੀ ਮੈਂ ਦੇਖਿਆ ਕਿ ਬਹੁਤ ਪਿਆਰ ਭਰੇ ਵਾਤਾਵਰਣ ਵਿਚ ਅਜਿਹੀ ਰਿੜਕੀ ਹੋਈ ਲੱਸੀ ਵੰਡੀ ਜਾ ਰਹੀ ਸੀ ਜਿਹੜੀ ਗਾੜ੍ਹੀ ਵੀ ਸੀ ਤੇ ਮਿੱਠੀ ਵੀ ਸੀ । ਚਾਹ ਜਿਹੜੀ ਵੰਡੀ ਜਾ ਰਹੀ ਸੀ ਉਹ ਇੰਞ ਸੀ ਜਿਵੇਂ ਨਿਰਾ ਦੁੱਧ ਹੀ ਹੋਵੇ । ਦਸ ਕੁ ਵਜੇ ਗੁਰੂ ਕੇ ਲੰਗਰ ਵਿਚ ਪ੍ਰਸ਼ਾਦਾ ਵਰਤਿਆ। ਉਸ ਵਿਚ ਗੁੜ ਵਾਲੇ ਮਿੱਠੇ ਚੌਲ ਤੇ ਮਾਂਹ ਦੀ ਦਾਲ ਸੀ । ਲਾਂਗਰੀ ਸਿੰਘਾਂ ਨੇ ਪ੍ਰਸ਼ਾਦਾ ਬਹੁਤ ਹੀ ਮਿੱਠੇ ਬੋਲਾਂ ਨਾਲ ਵੰਡਿਆ । ਉਹਨਾਂ ਦੇ ਬੋਲੇ ਸਨ-' ਪ੍ਰਸ਼ਾਦਾ ਗੁਰਮੁਖੋ' ਪ੍ਰਸ਼ਾਦਾ । ਦੁਪਹਿਰ ਦੇ ਤਿੰਨ ਵਜੇ ਦੇ ਕਰੀਬ ਮੈਂ ਦੇਖਿਆ ਕਿ ਗੁਰਦਵਾਰੇ ਦੇ ਵੱਡੇ ਸੰਤ, ਸੰਤ ਅਤਰ ਸਿੰਘ ਜੀ ਬੈਠੇ ਹੋਏ ਸਨ ਤੇ ਉਨ੍ਹਾਂ ਦੇ ਪਾਸ ਪੰਜ ਸੱਤ ਸਿੱਖ ਨੌਜਵਾਨ ਬੈਠੇ ਹੋਏ ਸਨ ਜਿਹੜੇ ਫ਼ੌਜ 'ਚੋਂ ਛੁੱਟੀ ਆਏ ਹੋਏ ਸਨ। ਸੰਤਾਂ ਨਾਲ ਨੌਜਵਾਨਾਂ ਦੀ ਬੈਠਕ ਇਕ ਪਰਿਵਾਰਕ ਪਿਆਰ ਦੀ ਝਲਕ ਪੇਸ਼ ਕਰਦੀ ਸੀ। ਨੌਜਵਾਨ ਲਾਗੇ ਦੇ ਪਿੰਡਾਂ ਤੋਂ ਆਏ ਹੋਏ ਸਨ । ਸ਼ਾਮ ਵੇਲੇ ਕੀਰਤਨ ਹੋਇਆ ਜਿਸ ਵਿਚ ਸੰਤ ਜੀ ਆਪ ਪਹਿਲਾਂ ਉੱਚੀ ਅਵਾਜ਼ ਨਾਲ ਸ਼ਬਦ ਪੜ੍ਹਦੇ ਰਹੇ ਤੇ ਬਾਕੀ ਸੰਗਤ ਪਿੱਛੇ ਲੱਗ ਕੇ ਉਹ ਸ਼ਬਦ ਪੜ੍ਹਦੀ ਰਹੀ । 'ਰਹਿਰਾਸ ਸਾਹਿਬ' ਦੇ ਪਾਠ ਤੇ ਅਰਦਾਸ ਨੇ ਮੇਰੇ ਹਿਰਦੇ ਨੂੰ ਹਰਾ-ਭਰਾ ਕਰਨ ਦਾ ਕੰਮ ਕੀਤਾ। ਗੁਰਦਵਾਰੇ ਵਿਚ ਲੱਗੀਆਂ ਹੋਈਆਂ ਸਿੱਖ ਗੁਰੂਆਂ ਦੀਆਂ ਤਸਵੀਰਾਂ ਦਾ ਵੀ ਮੇਰੇ ਹਿਰਦੇ ’ਤੇ ਬੜਾ ਪ੍ਰਭਾਵ ਪਿਆ ।

ਮੈਂ ਗੁਰਦਵਾਰੇ ਵਿਚ ਦੁੱਧ ਦੇਣ ਵਾਲੀਆਂ ਕਈ ਗਊਆਂ ਦੇਖੀਆਂ ਜਿਹੜੀਆਂ ਬਹੁਤ ਚੰਗੀ ਤਰ੍ਹਾਂ ਪਲੀਆਂ ਹੋਈਆਂ ਸਨ ਤੇ ਦੇਖਣ ਨੂੰ ਬਹੁਤ ਸੋਹਣੀਆਂ ਲੱਗਦੀਆਂ ਸਨ । ਜਿਹੜੇ ਸਿੰਘ ਗਊਆਂ ਤੇ ਬੈਲਾਂ ਦੀ ਸੇਵਾ ਕਰ ਰਹੇ ਸਨ ਮੇਰੇ ਪੁੱਛਣ ’ਤੇ ਉਹਨਾਂ ਨੇ ਦੱਸਿਆ ਕਿ ਅਸੀਂ ਇੱਥੇ ਸੇਵਾ ਕਰ ਰਹੇ ਹਾਂ, ਤਨਖ਼ਾਹ ਨਹੀਂ ਲੈ ਰਹੇ ਤੇ ਅਸੀਂ ਆਪਣਾ ਜੀਵਨ ਸੇਵਾ ਲਈ ਗੁਰਦਵਾਰੇ ਨੂੰ ਦਿੱਤਾ ਹੋਇਆ

ਹੈ । ਬਸ ਉਹਨਾਂ ਸਿੰਘਾਂ ਦੀ ਗੱਲ ਸੁਣ ਕੇ ਮੇਰੇ ਮਨ ਨੇ ਮਹਿਸੂਸ ਕਰ ਲਿਆ ਕਿ ਇਕ ਅਜਿਹਾ ਘਰ ਵੀ ਸੰਸਾਰ ਵਿਚ ਹੈ ਜਿਹੜਾ ਉੱਜੜਦਾ ਨਹੀਂ ; ਜਿਸ ਵਿਚ ਜੀਵਨ ਨਿਰਬਾਹ, ਖਾਣ ਪੀਣ ਤੇ ਬਸਤਰ ਆਦਿ ਸਾਧਨਾਂ ਦਾ ਕੋਈ ਘਾਟਾ ਨਹੀਂ ਤੇ ਜਿਸ ਵਿਚ ਪ੍ਰਵੇਸ਼ ਕਰ ਕੇ ਕੋਈ ਨੌਜਵਾਨ ਸੰਸਾਰ ਵਿਚ ਆਪਣੇ ਵਧਣ ਫੁੱਲਣ ਦਾ ਰਾਹ ਲੱਭ ਸਕਦਾ ਹੈ । ਮੈਂ ਸਰੀਰ, ਹਿਰਦੇ ਤੇ ਬੁੱਧੀ ਦੀਆਂ ਬਹੁਤ ਉੱਚੇ ਦਰਜੇ ਦੀਆਂ ਸ਼ਕਤੀਆਂ ਲੈ ਕੇ ਪੈਦਾ ਹੋਇਆ ਸਾਂ । ਕਿਸੇ ਘਰ ਵਿਚੋਂ ਜੇਕਰ ਮੈਨੂੰ ਕੋਈ ਘਾਟ ਮਹਿਸੂਸ ਹੋ ਸਕਦੀ ਸੀ ਤਾਂ ਉਹ ਕੇਵਲ ਬੁੱਧੀ ਦੇ ਵਿਕਾਸ ਦੀ ਹੀ ਸੀ। ਪਰ ਸੰਤਾਂ ਪਾਸ ਬੈਠੇ ਹੋਏ ਨੌਜਵਾਨਾਂ ਦੀ ਧਾਰਮਿਕ ਵਿਸ਼ੇ 'ਤੇ ਵਿਚਾਰ-ਵਟਾਂਦਰੇ ਦੀ ਝਾਕੀ ਨੇ ਮੈਨੂੰ ਇਹ ਪੂਰਾ ਭਰੋਸਾ ਵੀ ਦਿੱਤਾ ਸੀ ਕਿ ਬੁੱਧੀ ਦੇ ਵਿਕਾਸ ਲਈ ਵੀ ਉਸ ਅਸਥਾਨ ਦੇ ਦਿਨ-ਪ੍ਰਤੀ-ਦਿਨ ਦੇ ਕਾਰਜਾਂ ਦੇ ਸਮੇਂ ਦੀ ਵੰਡ ਵਿਚ ਇਕ ਉਚੇਚਾ ਸਥਾਨ ਦਿੱਤਾ ਗਿਆ ਹੈ ਤੇ ਉਸ ਦਾ ਕਥਾ ਕੀਰਤਨ ਤੇ ਪਾਠ ਦਾ ਸਾਰਾ ਹੀ ਵਾਤਾਵਰਣ ਬੁੱਧੀ ਦੀਆਂ ਸ਼ਕਤੀਆਂ ਤੇ ਹਿਰਦੇ ਦੀਆਂ ਭਾਵਨਾਵਾਂ ਦੇ ਵਿਕਾਸ ਦਾ ਹੈ ।

ਗੁਰਦਵਾਰਾ ਰੇਰੂ ਸਾਹਿਬ ਲੁਧਿਆਣਾ ਸ਼ਹਿਰ ਤੇ ਖੰਨਾ ਕਸਬੇ ਦੇ ਅੱਧ ਵਿਚਕਾਰ ਹੈ । ਖੰਨਾ ਕਸਬੇ ਵਿਚ ਪੁੱਜ ਕੇ ਮੈਂ ਇਹ ਸੋਚਣਾ ਸੀ ਕਿ ਮੈਂ ਕਿੱਥੇ ਰਹਾਂ ? ਮੇਰਾ ਘਰ ਉੱਜੜ ਗਿਆ ਹੈ, ਪਰ ਰੱਬ ਨੇ ਕਿਹਾ ਕਿ ਪੂਰਨ ਸਿੰਘ ਹਉਕਾ ਲੈਣ ਦੀ ਲੋੜ ਨਹੀਂ, ਤੇਰਾ ਘਰ ਉੱਜੜਿਆ ਜ਼ਰੂਰ ਹੈ ਪਰ ਉਸ ਦੇ ਉੱਜੜਣ ਵਿਚ ਵੀ ਤੇਰੇ ਵਧਣ ਫੁੱਲਣ ਦੇ ਭੇਦ ਛਿਪੇ ਹੋਏ ਹਨ । ਤੂੰ ਆਪਣੇ ਬਚਪਨ ਵਿਚ ਆਪਣੀ ਮਾਂ ਤੋਂ ਜਿਹੜੇ ਦਇਆ ਤੇ ਸੰਤੋਖ ਦੇ ਸੰਸਕਾਰ ਲੈ ਕੇ ਪਲਿਆ ਹੈਂ, ਧ੍ਰੂ, ਪ੍ਰਹਿਲਾਦ, ਸਰਵਣ ਕੁਮਾਰ ਤੇ ਰਾਜਾ ਜਨਕ, ਕਬੀਰ ਭਗਤ ਤੇ ਨਰਸੀ ਭਗਤ ਵਰਗੇ ਜਿਨ੍ਹਾਂ ਸਿਰਕੱਢ ਮਹਾਂਪੁਰਸ਼ਾਂ ਦੀਆਂ ਕਹਾਣੀਆਂ ਬਚਪਨ ਵਿਚ ਤੂੰ ਸੁਣ ਕੇ ਪਲਿਆ ਹੈਂ, ਉਨ੍ਹਾਂ ਅਨੁਸਾਰ ਤੇਰਾ ਨਿਰਬਾਹ ਤੇਰੇ ਜਨਮ ਦੇ ਛੋਟੇ ਜਿਹੇ ਘਰ ਵਿਚ ਨਹੀਂ ਹੋ ਸਕਦਾ ਸੀ । ਤੈਨੂੰ ਕਿਸੇ ਬਹੁਤ ਵੱਡੇ ਘਰ ਦੀ ਲੋੜ ਸੀ ਜਿਸ ਦਾ ਵਾਤਾਵਰਣ ਧਾਰਮਿਕ ਤੇ ਰੂਹਾਨੀ ਹੁੰਦਾ, ਜਿਸ ਵਿਚ ਤੇਰੇ ਮਾਨਸਿਕ ਵਿਕਾਸ ਲਈ ਧਨ ਤੇ ਪਦਾਰਥਾਂ ਦੇ ਵੱਧ ਤੋਂ ਵੱਧ ਸਾਧਨ ਹੁੰਦੇ, ਜਿਸ ਦੀ ਛਤਰ-ਛਾਇਆ ਵਿਚ ਰਹਿ ਕੇ ਤੇ ਜਿਸ ਦੇ ਸਭਿਆਚਰ ਦਾ ਅੰਗ ਬਣ ਕੇ ਤੂੰ ਆਪਣੀਆਂ ਸਰੀਰ, ਬੁੱਧੀ ਤੇ ਹਿਰਦੇ ਦੀਆਂ ਸ਼ਕਤੀਆਂ ਦੇ ਵੱਧ ਤੋਂ ਵੱਧ ਵਿਕਾਸ ਲਈ ਹਰ ਪ੍ਰਕਾਰ ਦੀਆਂ ਲੋੜੀਂਦੀਆਂ ਸਹੂਲਤਾਂ ਸਹਿਜੇ ਹੀ ਪ੍ਰਾਪਤ ਕਰ ਸਕਦਾ ਸੀ, ਮੈਂ ਤੈਨੂੰ ਉਸ ਦੇ ਦਰਸ਼ਨ ਉਸ ਦਿਨ ਤੋਂ ਵੀ ਇਕ ਦਿਨ ਪਹਿਲਾਂ ਕਰਾਵਾਂਗਾ ਜਿਸ ਦਿਨ ਤੈਨੂੰ ਆਪਣੀ ਪੜ੍ਹਾਈ ਦੀ ਸਮਾਪਤੀ ਦੇ ਪਿੱਛੋਂ ਖੁੱਲ੍ਹੇ ਸੰਸਾਰ ਵਿਚ ਪ੍ਰਵੇਸ਼ ਕਰਨ ਦੀ ਲੋੜ ਹੋਵੇਗੀ। ਬੋਰਡਿੰਗ ਹਾਊਸ ਤੋਂ ਬਾਹਰ ਹੁੰਦਿਆਂ ਤੈਨੂੰ ਇਹ ਸੋਚਣਾ ਪਵੇਗਾ ਕਿ ਮੈਂ ਕਿੱਥੇ ਰਹਾਂ ਤੇ ਕਿਸ ਥਾਂ ਨੂੰ ਆਪਣਾ ਘਰ ਆਖਾਂ, ਪਰ ਜਿਸ ਹਿਰਦੇ ਨੇ ੧੨ ਮੀਲ ਦਾ ਹੋਰ ਪੈਂਡਾ ਕਰ ਕੇ ਖੰਨਾ ਕਸਬੇ ਵਿਚ ਪੁੱਜ ਕੇ ਇਹ ਹਉਕਾ ਲੈਣਾ ਸੀ ਕਿ ਮੇਰਾ ਘਰ ਉੱਜੜ ਗਿਆ



ਹੈ, ਮੈਂ ਕਿੱਥੇ ਜਾਵਾਂ, ਉਹ ਉਸ ਵਕਤ ਤੋਂ ਇਕ ਦਿਨ ਪਹਿਲਾਂ ਹੀ ਰੇਰੂ ਸਾਹਿਬ ਵਿਚ ਸਭਿਆਚਾਰ ਦੇ ਦਰਸ਼ਨ ਕਰਕੇ ਮਸਤ ਹੋ ਗਿਆ ਤੇ ਉੱਥੋਂ ਆਪਣੇ ਹਿਰਦੇ ਵਿਚ ਇਹ ਮਹਿਸੂਸ ਕਰਦਾ ਮੈਂ ਨਿਕਲਿਆ ਕਿ ਮੈਨੂੰ ਉਹ ਥਾਂ ਲੱਭ ਗਿਆ ਹੈ ਜਿਸ ਦੀ ਮੈਨੂੰ ਆਪਣੇ ਜੀਵਨ ਦੇ ਵਿਕਾਸ ਲਈ ਲੋੜ ਸੀ । ਉਹ ਲੱਭ ਗਿਆ ਹੈ ! ਲੱਭ ਗਿਆ ਹੈ!! ਹਉਕਿਆਂ ਦੀ ਥਾਂ ਮੈਨੂੰ ਖ਼ੁਸ਼ੀ ਦੀਆਂ ਮਸਤੀਆਂ ਚੜ੍ਹ ਗਈਆਂ ਤੇ ਸੋਚਣ ਲੱਗਾ ਕਿ ਕਿੰਨੀ ਛੇਤੀ ਮੈਂ ਉਸ ਮਹਾਨ ਅਸਥਾਨ ਦੇ ਸਭਿਆਚਾਰ ਦਾ ਅੰਗ ਬਣ ਜਾਵਾਂ ।

ਮੇਰੀ ਮਾਂ ਬਚਪਨ ਵਿਚ ਮੈਨੂੰ ਹੇਠ ਲਿਖੀਆਂ ਕਹਾਣੀਆਂ ਵਰਗੀਆਂ ਮਹਾਂਪੁਰਸ਼ਾਂ ਦੀਆਂ ਅਨੇਕਾਂ ਕਹਾਣੀਆਂ ਸੁਣਾਇਆ ਕਰਦੀ ਸੀ । (੧) ਧ੍ਰੂ ਭਗਤ ਪੰਜ ਸਾਲ ਦੀ ਉਮਰ ਵਿਚ ਰੱਬ ਪਾਸ ਗਿਆ ਤੇ ਉਸ ਨੂੰ ਕਹਿਣ ਲੱਗਾ ਕਿ ਰੱਬਾ ਮੈਂ ਤੇਰਾ ਭਗਤ ਬਣਨਾ ਚਾਹੁੰਦਾ ਹਾਂ । ਰੱਬ ਨੇ ਕਿਹਾ ਚੰਗਾ ਤੂੰ ਮੇਰਾ ਅਰਦਲੀ ਬਣ ਜਾ, ਤੂੰ ਹਰ ਵੇਲੇ ਮੇਰੇ ਸਾਹਮਣੇ ਰਹੇਂਗਾ । (੨) ਸ਼ਿਵ ਜੀ ਮਹਾਰਾਜ ਰਾਤ ਨੂੰ ਤਦ ਸੌਂਦੇ ਹਨ ਜਦ ਉਹ ਦੇਖ ਲੈਣ ਕਿ ਦੁਨੀਆਂ ਵਿਚ ਕੋਈ ਪ੍ਰਾਣੀ-ਭੁੱਖਾ ਤਾਂ ਨਹੀਂ ਰਹਿ ਗਿਆ ।

ਗੁਰਦਵਾਰਾ ਡੇਹਰਾ ਸਾਹਿਬ ਲਾਹੌਰ (ਪਾਕਿਸਤਾਨ) ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੋਤੀ ਜੋਤ ਸਮਾਉਣ ਦਾ ਅਸਥਾਨ ਹੈ । ਉਸ ਮਹਾਨ ਅਸਥਾਨ ਦੀ ਛਤਰ-ਛਾਇਆ ਹੇਠ ਰਹਿੰਦਿਆਂ ਹੋਇਆਂ ਸੌਣ ਦੇ ਵੇਲੇ ਤਕ ਸਾਰਾ ਦਿਨ ਬੇ-ਆਸਰੇ ਅਪਾਹਿਜਾਂ ਤੇ ਗ਼ਰੀਬਾਂ ਨੂੰ ਪ੍ਰਸ਼ਾਦਾ ਦੇਣ ਦਾ ਫ਼ਿਕਰ ਕਰਦਿਆਂ ਮੇਰੇ ਸ਼ਿਵ ਜੀ ਮਹਾਰਾਜ ਵਾਲੇ ਸੰਸਕਾਰਾਂ ਦੀ ਤ੍ਰਿਪਤੀ ਹੁੰਦੀ ਰਹਿੰਦੀ ਸੀ । ਅਜਿਹੇ ਸੰਸਕਾਰਾਂ ਦੀ ਤ੍ਰਿਪਤੀ ਕਰਦਿਆਂ ਹੋਇਆਂ ਮੈਨੂੰ ਗੁਰਦਵਾਰਾ ਡੇਹਰਾ ਸਾਹਿਬ ਦੇ ਵਲਗਣ ਅੰਦਰ ਆਤਮਾ ਦੀਆਂ ਖ਼ੁਸ਼ੀਆਂ ਦੀ ਅਗਾਧਿ ਮਸਤੀ ਚੜ੍ਹੀ ਰਹਿੰਦੀ ਸੀ। ਉਸ ਮਹਾਨ ਅਸਥਾਨ ਵਿਚ ਧ੍ਰੂ ਭਗਤ ਵਾਲੇ ਸੰਸਕਾਰਾਂ ਦੀ ਤ੍ਰਿਪਤੀ ਵੀ ਹੁੰਦੀ ਰਹਿੰਦੀ ਸੀ ਜਿਸ ਦਾ ਦਿਨ ਰਾਤ ਅਰਦਲੀ ਬਣ ਕੇ ਲਾਹੌਰ ਸ਼ਹਿਰ ਵਿਚ 24 ਸਾਲਾਂ ਦਾ ਸਮਾਂ ਮੈਂ ਨਾ ਕੇਵਲ ਪ੍ਰਾਣੀ-ਮਾਤਰ ਦੀ ਅਨੇਕ ਪ੍ਰਕਾਰ ਦੀ ਸੇਵਾ ਕੀਤੀ ਬਲਕਿ ਪ੍ਰਾਣੀ-ਮਾਤਰ ਦੇ ਦੁੱਖ-ਸੁੱਖ ਨਾਲ ਸੰਬੰਧ ਰੱਖਣ ਵਾਲੀਆਂ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਦੀ ਵੱਧ ਤੋਂ ਵੱਧ ਜਾਣਕਾਰੀ ਲਾਇਬਰੇਰੀਆਂ ਦੀਆਂ ਪੁਸਤਕਾਂ, ਮਾਸਿਕ-ਪੱਤਰਾਂ ਤੇ ਅਖ਼ਬਾਰਾਂ ਦੁਆਰਾ ਪ੍ਰਾਪਤ ਕਰਨ ਦੇ ਰਾਹੇ ਤੁਰਿਆ ਜਾ ਰਿਹਾ ਹਾਂ । ਰੱਬ ਦੀ ਦਰਗਾਹ ਦਾ ਅਰਦਲੀ ਬਣ ਕੇ ਮੈਂ ਇਹੋ ਕੁਝ ਦੇਖਦਾ ਸੀ ਕਿ ਮਾਤ-ਲੋਕ ਦਾ ਕੀ ਹਾਲ ਹੈ ਤੇ ਕਿਸ ਤਰ੍ਹਾਂ ਉਸ ਨੂੰ ਠੀਕ ਰੱਖਿਆ ਜਾ ਸਕਦਾ ਹੈ। ਮੈਂ ਇਨ੍ਹਾਂ ਧਰਮ ਅਸਥਾਨਾਂ ਤੇ ਤੀਰਥਾਂ ਨੂੰ ਸਾਖਿਆਤ ਰੱਬ ਦੇ ਦਰਬਾਰ ਸਮਝਦਾ ਹਾਂ ਜਿਹੜੇ ਮੈਨੂੰ ਰੱਬ ਦਾ ਦਰਬਾਰ ਸਾਬਤ ਹੋਏ ।

—ਭਗਤ ਪੂਰਨ ਸਿੰਘ

-0-

# ਗੁਰਸਿੱਖ ਦੇ ਪ੍ਰਤੀਦਿਨ ਦੇ ਧਾਰਮਿਕ ਕਰਤੱਵ

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥

(ਅੰਗ ੩੦੫)

(ਸ੍ਰੀ ਗੁਰੂ ਗ੍ਰੰਥ ਸਾਹਿਬ 'ਚੋਂ ਗੁਰੂ ਰਾਮਦਾਸ ਜੀ ਦਾ ਸ਼ਬਦ)

(ਗਉੜੀ ਕੀ ਵਾਰ ਮਹਲਾ ੪॥)

ਸਤਿਗੁਰੂ ਦਾ ਸਿੱਖ ਹੋਣ ਦਾ ਦਾਅਵਾ ਜੋ ਮਨੁੱਖ ਕਰਦਾ ਹੈ ਉਹ ਪ੍ਰਤੀ-ਦਿਨ ਉੱਠ ਕੇ ਹਰੀ ਦਾ ਨਾਮ ਧਿਆਂਵਦਾ ਹੈ । ਉਸ ਦਾ ਰੋਜ਼ ਦਾ ਉਦਮ ਹੋ ਗਿਆ ਹੁੰਦਾ ਹੈ ਕਿ ਉਹ ਅੰਮ੍ਰਿਤ ਵੇਲੇ ਉੱਠ ਕੇ ਪਹਿਲਾਂ ਸਰੀਰਕ ਇਸ਼ਨਾਨ ਕਰਦਾ ਹੈ ਤੇ ਫਿਰ ਨਾਮ ਅੰਮ੍ਰਿਤ ਦੇ ਸਰੋਵਰ ਵਿਚ ਰੂਹਾਨੀ ਇਸ਼ਨਾਨ ਕਰਦਾ ਹੈ । ਗੁਰੂ ਦੇ ਉਪਦੇਸ਼ ਦੁਆਰਾ ਹਰੀ ਦਾ ਨਾਮ ਜਪਦਾ ਹੈ ਜਿਸ ਦੇ ਕਾਰਨ ਉਸ ਦੇ ਸਾਰੇ ਦੋਸ਼ ਤੇ ਪਾਪ ਨਸ਼ਟ ਹੋ ਜਾਂਦੇ ਹਨ । ਫਿਰ ਦਿਨ ਚੜ੍ਹਨ 'ਤੇ ਉਹ ਗੁਰਬਾਣੀ ਗਾਉਂਦਾ ਹੈ ਤੇ ਉਠਦਿਆਂ ਬੈਠਦਿਆਂ ਹਰੀ ਦੇ ਨਾਮ ਨੂੰ ਆਪ ਧਿਆਨ ਵਿਚ ਰੱਖਦਾ ਹੈ ।

ਜਿਹੜਾ ਗੁਰਸਿੱਖ ਸੁਆਸ ਸੁਆਸ ਤੇ ਖਾਂਦਿਆਂ ਪੀਂਦਿਆਂ ਹਰੀ ਨੂੰ ਧਿਆਉਂਦਾ ਰਹਿੰਦਾ ਹੈ ਉਹੋ ਗੁਰੂ ਦੀ ਪ੍ਰਸੰਨਤਾ ਪ੍ਰਾਪਤ ਕਰਦਾ ਹੈ । ਜਿਸ ਵਡਭਾਗੀ ਗੁਰਸਿੱਖ ਉੱਤੇ ਮੇਰਾ ਮਾਲਕ ਹਰੀ ਦਿਆਲ ਹੁੰਦਾ ਹੈ ਉਸ ਨੂੰ ਗੁਰੂ ਦਾ ਉਪਦੇਸ਼ ਮਿਲਦਾ ਹੈ ( ਗੁਰੂ ਉਪਦੇਸ਼ ਸੁਣਦੇ ਤਾਂ ਸਾਰੇ ਹੀ ਹੁੰਦੇ ਹਨ ਪਰ ਗ੍ਰਹਿਣ ਕੋਈ ਵਡਭਾਗੀ ਹੀ ਕਰਦਾ ਹੈ । ਸਹੀ ਅਰਥਾਂ ਵਿਚ ਉਸੇ ਨੂੰ ਹੀ ਗੁਰੂ ਨੇ ਉਪਦੇਸ਼ ਸੁਣਾਇਆ ਹੈ ) ਦਾਸ ਨਾਨਕ ਉਸ ਗੁਰਸਿੱਖ ਦੇ ਚਰਨਾਂ ਦੀ ਧੂੜ ਮੰਗਦਾ ਹੈ ਜਿਹੜਾ ਆਪ ਨਾਮ ਜਪਦਾ ਹੈ ਤੇ ਦੂਜਿਆਂ ਨੂੰ ਨਾਮ ਜਪਣ ਦੇ ਰਾਹੇ ਪਾਂਦਾ ਹੈ ।

ਸਮੁੱਚਾ ਭਾਵ ਇਹ ਹੈ ਕਿ ਗੁਰਸਿੱਖ ਨਾਮ ਦਾ ਵਪਾਰੀ ਹੈ ਤੇ ਜੀਵਨ ਦੇ ਹਰ ਸਮੇਂ ਉਹ ਨਾਮ ਦਾ ਵਪਾਰ ਹੀ ਕਰਦਾ ਹੈ । ਪਰ ਨਾਮ ਦਾ ਵਪਾਰੀ ਕੌਣ ਹੁੰਦਾ ਹੈ ? ਜੋ ਹਰੀ ਨੂੰ ਸੁਆਸ ਸੁਆਸ ਆਪਣੇ ਦਿਲਾਂ ਵਿਚ ਵਸਾਈ ਰੱਖਦਾ ਹੈ ਤੇ ਹਰੀ ਹੀ ਉਸ ਨੂੰ ਸਾਰੇ ਜੀਵਨ ਵਿਚ ਅਗਵਾਈ ਦਿੰਦਾ ਹੈ । ਸੱਚ,ਪ੍ਰੇਮ, ਨਿਮਰਤਾ,



ਮਿਠਾਸ, ਗ਼ਰੀਬੀ ਆਦਿਕ ਦੈਵੀ ਗੁਣਾਂ ਨਾਲ ਉਹ ਭਰਿਆ ਹੁੰਦਾ ਹੈ ਕਿਉਂਕਿ ਉਸ ਦੇ ਅੰਦਰ ਵੱਸਦਾ ਹਰੀ ਇਹਨਾਂ ਗੁਣਾਂ ਨਾਲ ਭਰਪੂਰ ਹੈ । ਨਾਮ ਸਿਮਰਨ ਨਾਲ ਗੁਰਸਿੱਖ ਭਾਰਾ ਗਉਰਾ ਹੋ ਕੇ ਆਪਣਾ ਜੀਵਨ ਤੋਰਦਾ ਹੈ । ਉਸ ਜੀਵਨ ਵਿਚੋਂ ਸੁਤੇ ਹੀ ਸੱਚ, ਪਿਆਰ, ਸੇਵਾ ਆਨੰਦ ਆਦਿਕ ਨਿਕਲਦੇ ਹਨ ।

"ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ।" ਅੰ : ੮੧੯

ਮੇਰੀ ਉਮਰ ੭੪ਵੇਂ ਸਾਲ ਵਿਚੋਂ ਲੰਘ ਰਹੀ ਹੈ । ਜੇ ਮੈਂ ਅੱਜ 29-11-77 ਵਾਲੇ ਦਿਨ ਮਰਨਾ ਹੋਵੇ ਤੇ ਮੇਰੇ ਪਾਸ ਬੈਠਾ ਹੋਇਆ ਕੋਈ ਗੱਭਰੂ ਮੈਨੂੰ ਪੁੱਛੇ ਕਿ ਆਪਣੇ ਜੀਵਨ ਦੇ ਤਜਰਬੇ ਅਨੁਸਾਰ ਇਹ ਦੱਸੋ ਕਿ ਮਰਨ 'ਤੇ ਖ਼ੁਸ਼ੀਆਂ ਭਰਿਆ ਜੀਵਨ ਬਿਤਾਉਣ ਲਈ ਸਾਡੀ ਰਾਹ ਕੀ ਹੈ ਤਾਂ ਉਸ ਦਾ ਧਿਆਨ ਇਸ ਲੇਖ ਵਿਚ ਛਪੇ ਹੋਏ ਸ੍ਰੀ ਗੁਰੂ ਰਾਮਦਾਸ ਜੀ ਦੇ ਸ਼ਬਦ ਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀਆਂ ਦੋ ਪਉੜੀਆਂ ਵੱਲ ਦੁਆਵਾਂਗਾ ਜਿਹੜੀਆਂ ਹੇਠ ਲਿਖੀਆਂ ਦੋ ਤੁਕਾਂ ਦੇ ਨਾਲ ਆਰੰਭ ਹੁੰਦੀਆਂ ਹਨ ।:-

੧. ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ ।
ਗੁਰੁ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ ।

੨. ਮੁਰਦਾ ਹੋਇ ਮੁਰੀਦੁ ਨ ਗੱਲੀ ਹੋਵਣਾ ।
ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ ।

ਜੀਵਨ ਦੇ ਇਸ ਪੜਾਅ ਉੱਤੇ ਹੁਣ ਮੇਰੀ ਇਕੋ ਇਕ ਇੱਛਿਆ ਇਹੋ ਹੈ ਕਿ ਜੀਵਨ ਨੂੰ ਆਰੰਭ ਕਰਨ ਵਾਲੇ ਦੁਨੀਆਂ ਦੇ ਹਰ ਇਕ ਲੜਕੇ ਲੜਕੀ ਅੱਗੇ ਇਸ ਸ਼ਬਦ ਤੇ ਇਹਨਾਂ ਦੋਹਾਂ ਪਉੜੀਆਂ ਨੂੰ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੇ ਰੂਪ ਵਿਚ ਪੇਸ਼ ਕਰਾਂ । ਇਹ ਸ਼ਬਦ ਤੇ ਦੋ ਪਉੜੀਆਂ ਬੰਦੇ ਦੇ ਆਲੇ ਦੁਆਲੇ ਉਹ ਰਾਮਕਾਰ ਕੱਢ ਦਿੰਦੀਆਂ ਹਨ ਜਿਹੜੀ ਉਸ ਲਾਗੇ ਕਿਸੇ ਪਾਪ ਜਾਂ ਵਿਘਨ ਨੂੰ ਨਹੀਂ ਫਟਕਣ ਦਿੰਦੀ । ਬਾਕੀ ਦੇ ਜੀਵਨ ਦੇ ਆਖਰੀ ਸਵਾਸ ਤਕ ਇਸ ਕੰਮ ਵਿਚ ਨਾ ਮੇਰਾ ਚਾਅ ਘਟੇ ਨਾ ਸਰਗਰਮੀ —ਤੇ ਮੈਨੂੰ ਇਸ ਕਾਰਜ ਲਈ ਮਾਇਆ ਦੀ ਥੁੜ੍ਹ ਵੀ ਨਾ ਆਵੇ, ਤਾਂ ਜੋ ਮੈਂ ਵੱਧ ਤੋਂ ਵੱਧ ਬੰਦਿਆਂ ਨੂੰ ਅਜਿਹੇ ਲੇਖਾਂ ਦੇ ਇਸ਼ਤਿਹਾਰ ਤੇ ਕਿਤਾਬਚੇ ਮੁਫ਼ਤ ਵੰਡ ਸਕਾਂ । ਇਸ ਕਾਰਜ ਲਈ ਮੈਨੂੰ ਮਾਇਆ ਦੇ ਗੱਫੇ ਮਨੀਆਰਡਰਾਂ ਰਾਹੀਂ ਘੱਲਣ ਘਲਾਉਣ ਦਾ ਕੰਮ ਹਰ ਉਸ ਮਾਈ ਭਾਈ ਨੂੰ ਕਰਨਾ ਪਵੇਗਾ ਜਿਹੜਾ ਚਾਹੁੰਦਾ ਹੈ ਕਿ ਮੈਂ ਇਸ ਕਾਰਜ ਵਿਚ ਵੱਧ ਤੋਂ ਵੱਧ ਸਫਲਤਾ ਪ੍ਰਾਪਤ ਕਰ ਸਕਾਂ । ਜਿਹੜੇ ਗੁਰੂ ਸਵਾਰੇ ਮਾਈ ਭਾਈ ਚਾਹੁੰਦੇ ਹਨ ਮੇਰਾ ਇਹ ਚਾਉ ਵੱਧ ਤੋਂ ਵੱਧ ਪੂਰਾ ਹੁੰਦਾ ਜਾਏ ਉਹ ਮੈਨੂੰ ਆਪ ਵੀ ਹਰ ਮਹੀਨੇ ਆਪਣੀ

ਕਮਾਈ ਵਿਚੋਂ ਮਨੀਆਰਡਰ ਘੱਲਣ ਤੇ ਹੋਰਨਾਂ ਪਾਸੋਂ ਵੀ ਘਲਾਉਣ । ਰਾਗੀ ਤੇ ਗਰੰਥੀ ਸਿੰਘ ਖ਼ੁਸ਼ੀ ਤੇ ਗ਼ਮੀ ਦੇ ਹਰ ਦਾਨ ਦੇ ਅਵਸਰ ਉੱਤੇ ਇਸ ਕਾਰਜ ਲਈ ਦਾਨ ਕਢਵਾਉਣ। ਧਰਮ ਦੇ ਕਾਰਜਾਂ ਲਈ ਮਾਇਆ ਦੇ ਖੁੱਲ੍ਹੇ ਗੱਫਿਆਂ ਦਾ ਪ੍ਰਬੰਧ ਕੇਵਲ ਇਸ ਸੂਰਤ ਵਿਚ ਹੀ ਹੋ ਸਕਦਾ ਹੈ ਕਿ ਹਰ ਗੁਰਸਿੱਖ ਆਪਣੇ ਘਰ ਵਿਚ ਗੁਰੂ ਦੀ ਗੋਲਕ ਰੱਖੇ ਤੇ ਉਸ ਵਿਚ ਆਪਣੀ ਦਸਵੰਧ ਦੀ ਮਾਇਆ ਹਰ ਮਹੀਨੇ ਪਾਉਂਦਾ ਰਹੇ । ਨਾਮ ਬਾਣੀ ਦੇ ਰਸੀਏ ਭਾਈ ਸਾਹਿਬ ਭਾਈ ਸਮੁੰਦ ਸਿੰਘ ਵਾਂਙ ਗਰੰਥੀ ਤੇ ਰਾਗੀ ਸਿੰਘਾਂ ਨੂੰ ਸੰਸਥਾ ਦਾ ਖ਼ਿਆਲ ਆਪਣੇ ਹਿਰਦੇ ਵਿਚ ਪੱਕਾ ਵਸਾ ਕੇ ਰੱਖਣਾ ਚਾਹੀਦਾ ਹੈ ਤਾਂ ਜੋ ਉਹ ਦਾਨ ਦੇ ਹਰ ਅਵਸਰ ਉੱਤੇ ਦਾਨ ਕਢਾ ਸਕਣ।

-o-

## ਮਨੁੱਖੀ ਵਿਗਿਆਨ

* ਮਨੁੱਖ ਦੇ ਸਰੀਰ ਵਿਚ ਦੋ ਸੌ ਛੇ (206) ਹੱਡੀਆਂ ਹੁੰਦੀਆਂ ਹਨ ।
* ਮਨੁੱਖ ਦਾ ਦਿਲ ਇਕ ਮਿੰਟ ਵਿਚ ਬਹੱਤਰ (72) ਵਾਰ ਧੜਕਦਾ ਹੈ ਅਤੇ 24 ਘੰਟੇ ਵਿਚ 1,03,680 ਵਾਰ ਧੜਕਦਾ ਹੈ।
* ਮਨੁੱਖ ਦੀਆਂ ਅੱਖਾਂ ਇਕ ਮਿੰਟ ਵਿਚ ਤਕਰੀਬਨ 25 ਵਾਰ ਖੁੱਲ੍ਹਦੀਆਂ ਅਤੇ ਬੰਦ ਹੁੰਦੀਆਂ ਹਨ ।
* ਮਨੁੱਖ ਦੇ ਸਰੀਰ ਵਿਚ ਜਿਨ੍ਹਾਂ ਨਾੜੀਆਂ ਵਿਚ ਖ਼ੂਨ ਵਹਿੰਦਾ ਹੈ ਉਨ੍ਹਾਂ ਨੂੰ ਧਮਣੀਆਂ ਕਹਿੰਦੇ ਹਨ ।
* ਮਨੁੱਖ ਦੇ ਸਰੀਰ ਵਿਚ ਪਾਣੀ ਦੀ ਮਾਤਰਾ ਉਸ ਦੇ ਵਜ਼ਨ ਦਾ ਸੱਤਰ (70) ਪ੍ਰਤੀਸ਼ਤ ਹੁੰਦੀ ਹੈ ।
* ਮਨੁੱਖ ਦੀ ਵਿਚਕਾਰਲੀ ਉਂਗਲ ਦਾ ਨਹੁੰ ਸਭ ਤੋਂ ਤੇਜ਼ੀ ਨਾਲ ਅਤੇ ਅੰਗੂਠੇ ਦਾ ਨਹੁੰ ਸਭ ਤੋਂ ਘੱਟ ਗਤੀ ਨਾਲ ਵਧਦਾ ਹੈ ।

—ਰਣਬੀਰ ਸਿੰਘ ਟੂਸੇ
ਪਿੰਡ ਤੇ ਡਾਕ: ਟੂਸੇ, ਜ਼ਿਲ੍ਹਾ ਲੁਧਿਆਣਾ-141105



### ਮਨੁੱਖ ਨੂੰ ਉੱਨਤੀ ਦੇ ਸਿਖਰਾਂ 'ਤੇ ਪਹੁੰਚਾਉਣ ਵਾਲੀ

## ਗੁਰਸਿੱਖ ਦੀ ਨਿੱਤ ਕਰਨੀ

ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ ।
ਗੁਰੁ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ ।
ਸਾਧ ਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ ।
ਸੰਕਾ ਮਨਹੁੰ ਮਿਟਾਇ ਕੈ ਗੁਰੁ ਸਿਖਾਂ ਦੀ ਸੇਵ ਕਰੰਦਾ ।
ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ ।
ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪੁ ਖਵੰਦਾ ।
ਕਲੀ ਕਾਲ ਪਰਗਾਸ ਕਰਿ ਗੁਰੁ ਚੇਲਾ ਚੇਲਾ ਗੁਰੁ ਸੰਦਾ ।
ਗੁਰਮੁਖ ਗਾਡੀ ਰਾਹੁ ਚਲੰਦਾ ॥੧॥੪੦॥

(ਵਾਰ ਭਾਈ ਗੁਰਦਾਸ ਜੀ)

ਗੁਰਮੁਖ (ਮੁਖੀ ਗੁਰੂ, ਸ਼ਰੋਮਣੀ ਗੁਰੂ ਸਤਿਗੁਰੂ) ਨੇ ਗੁਰਸਿੱਖਾਂ ਲਈ ਇਕ ਗਾਡੀ ਰਾਹ ਚਲਾਇਆ ਹੈ ਜਿਸ 'ਤੇ ਤੁਰ ਕੇ ਵੱਡੀ ਤੋਂ ਵੱਡੀ ਮੰਜ਼ਲ ਤੇ ਪੁੱਜ ਜਾਈਦਾ ਹੈ, ਸਗੋਂ ਗੁਰੂ ਨਾਲ ਅਭੇਦ ਵੀ ਹੋ ਜਾਈਦਾ ਹੈ । ਉਹ ਰਾਹ ਇਹ ਹੈ:—

ਗੁਰੂ ਦਾ ਸਿੱਖ ਹਰ ਰੋਜ਼ ਅੰਮ੍ਰਿਤ ਵੇਲੇ ਉੱਠ ਕੇ ਸਰੋਵਰਾਂ (ਅਥਵਾ ਖੂਹਾਂ ਅਤੇ ਤਾਲਾਬਾਂ) ਪੁਰ ਇਸ਼ਨਾਨ ਕਰਦਾ ਹੈ । ਗੁਰੂ ਕੇ ਬਚਨ ਜਪੁਜੀ ਸਾਹਿਬ ਅਤੇ ਤ੍ਵਪ੍ਰਸਾਦਿ ਸਵੈਯੇ ਆਦਿ ਬਾਣੀਆਂ ਪੜ੍ਹ ਕੇ ਧਰਮਸ਼ਾਲ ਦੀ ਸੁਰਤ ਧਰਮਸ਼ਾਲਾ ਵਿਚ ਜਾ ਕੇ ਸਤਿਸੰਗ ਕਰਦਾ ਹੈ, ਸਾਧ ਸੰਗਤ ਵਿਚ ਮਿਲ ਕੇ ਗੁਰੂ ਦੀ ਬਾਣੀ ਪ੍ਰੀਤ ਨਾਲ ਸੁਣਦਾ ਹੈ । ਮਨ ਵਿਚੋਂ ਸ਼ੰਕਾਵਾਂ ਦੂਰ ਕਰਕੇ, ਗੁਰੂ ਦੇ ਸਿੱਖਾਂ (ਸੰਗਤਾਂ) ਦੀ ਸੇਵਾ ਕਰਦਾ ਹੈ । ਉਹ ਦਸਾਂ ਨਹੁੰਆਂ ਦੀ, ਧਰਮ ਦੀ ਕਿਰਤ ਕਰਕੇ ਉਸ ਵਿਚੋਂ ਪ੍ਰਸ਼ਾਦੇ ਸਾਧ-ਸੰਗਤ ਵਿਚ ਲਿਆ ਕੇ ਵਰਤਾਉਂਦਾ ਹੈ (ਪਹਿਲਾਂ) ਗੁਰਸਿੱਖਾਂ (ਸੰਗਤਾਂ)ਨੂੰ ਦੇ ਕੇ (ਛਕਾ ਕੇ ) ਪਿੱਛੋਂ ਬਚਿਆ ਫਿਰ ਆਪ ਛਕਦਾ ਹੈ ।

ਮੇਰੇ ਸਤਿਗੁਰ ਨੇ ਇਸ ਕਲਿਯੁਗ ਵਿਚ ਪ੍ਰਕਾਸ਼ ਲੈ ਕੇ ਐਸੀ ਕਲਾ ਵਰਤਾਈ ਹੈ ਕਿ ਸਾਧ-ਸੰਗਤ ਦੁਆਰਾ ਗੁਰੂ ਤੇ ਚੇਲਾ ਅਭੇਦ ਹੋ ਜਾਂਦੇ ਹਨ । ਗੁਰਮੁਖ (ਗੁਰੂ) ਨੇ ਇਹ ਗਾਡੀ ਰਾਹ ਸਭ ਦੇ ਕਲਿਆਣ ਲਈ ਚਲਾ ਦਿੱਤਾ ਹੈ ।

ਪਿਛਲੇ ਸੌ ਸਾਲਾਂ ਵਿਚ ਜਿਹੜੇ ਉੱਘੇ ਸਿੱਖ ਹੋਏ ਹਨ, ਉਹਨਾਂ ਵਿਚ ਪ੍ਰਿੰਸੀਪਲ ਜੋਧ ਸਿੰਘ ਉੱਚੀ ਪਦਵੀ ਵਾਲੇ ਸਨ । ਉਹ ਗ਼ਰੀਬ ਘਰ ਵਿਚ ਪੈਦਾ ਹੋਏ ਸਨ ਅਤੇ ਗ਼ਰੀਬੀ ਦੇ ਕਾਰਨ ਉਹਨਾਂ ਦੇ ਮਾਂ-ਬਾਪ ਉਹਨਾਂ ਨੂੰ ਦਸ ਜਮਾਤਾਂ

ਤੋਂ ਵੱਧ ਪੜ੍ਹਾਈ ਨਹੀਂ ਕਰਾ ਸਕੇ ਸਨ। ਭਾਈ ਸਾਹਿਬ ਨੇ ਦਸ ਜਮਾਤਾਂ ਦੀ ਪੂੰਜੀ ਨਾਲ ਜੀਵਨ ਆਰੰਭ ਕੀਤਾ ਸੀ, ਪਰ ਇਸ ਲੇਖ ਵਿਚ ਦਿੱਤੇ ਗਏ ਭਾਈ ਗੁਰਦਾਸ ਜੀ ਦੇ ਵਾਕ ਅਨੁਸਾਰ ਆਪਣਾ ਜੀਵਨ ਬਿਤਾਉਂਦੇ ਹੋਏ ਉਹ ਨੌਕਰੀ ਵੀ ਕਰਦੇ ਸਨ ਤੇ ਪੜ੍ਹਾਈ ਵੀ ਨਾਲ ਦੀ ਨਾਲ ਕਰਦੇ ਗਏ ਸਨ । ਉਹ ਏਨੇ ਵਿਦਵਾਨ ਬਣੇ ਕਿ ਉਹ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਕਈ ਸਾਲ ਪ੍ਰਿੰਸੀਪਲ ਰਹੇ । ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਭ ਤੋਂ ਪਹਿਲੇ ਵਾਈਸ-ਚਾਂਸਲਰ ਬਣੇ ਤੇ ਆਪਣੀਆਂ ਅਣਥੱਕ ਘਾਲਾਂ ਨਾਲ ਯੂਨੀਵਰਸਿਟੀ ਨੂੰ ਹੋਂਦ ਵਿਚ ਲਿਆਏ । ਉਹ ਆਪਣੇ ਸਮੇਂ ਦੇ ਗੁਰਮਤਿ ਦੇ ਤਿੰਨ ਵੱਡੇ ਵਿਦਵਾਨਾਂ ਵਿਚੋਂ ਇਕ ਸਨ । ਉਨ੍ਹਾਂ ਨੇ ਗੁਰਮਤਿ ਉੱਤੇ ਅੰਗਰੇਜ਼ੀ ਤੇ ਪੰਜਾਬੀ ਵਿਚ ਕਈ ਪੁਸਤਕਾਂ ਲਿਖੀਆਂ ਸਨ ਜਿਨ੍ਹਾਂ ਵਿਚੋਂ ਇਕ ਬਹੁਤ ਪ੍ਰਸਿੱਧ ਪੁਸਤਕ 'ਗੁਰਮਤਿ ਨਿਰਣਯ' ਹੈ । ਇਹ ਪੁਸਤਕ ਅੱਜਕੱਲ੍ਹ ਪੰਜਾਬੀ ਭਾਸ਼ਾ ਵਿਚ ਨਹੀਂ ਮਿਲਦੀ, ਮੁੱਕ ਚੁੱਕੀ ਹੈ ਤੇ ਹਿੰਦੀ ਭਾਸ਼ਾ ਵਿਚ ਮਿਲ ਰਹੀ ਹੈ, ਜਿਸ ਨੂੰ ਭਾਸ਼ਾ ਵਿਭਾਗ ਪਟਿਆਲਾ ਨੇ ਛਪਿਆ ਹੈ ਤੇ ਮੁੱਲ ਨਾ-ਮਾਤਰ ਪੰਜ ਰੁਪਏ ਹੈ । ਪ੍ਰੋਫ਼ੈਸਰ ਗੁਰਬਚਨ ਸਿੰਘ "ਤਾਲਿਬ" ਅੰਗਰੇਜ਼ੀ ਭਾਸ਼ਾ ਦਾ ਉੱਚ-ਕੋਟੀ ਦਾ ਵਿਦਵਾਨ ਹੈ । ਉਸ ਤਰਜਮੇ ਦੀ ਸੋਧਾਈ ਪ੍ਰੋਫ਼ੈਸਰ ਤਾਲਿਬ ਨੇ, ਦਸ ਜਮਾਤਾਂ ਦੀ ਪੂੰਜੀ ਨਾਲ ਜੀਵਨ ਆਰੰਭ ਕਰਨ ਵਾਲੇ, ਭਾਈ ਜੋਧ ਸਿੰਘ ਤੋਂ ਕਰਵਾਈ । ਇਹ ਸੀ ਉਹਨਾਂ ਦੀ ਵਿਦਵਤਾ ਦਾ ਹਾਲ ਤੇ ਚਮਤਕਾਰ ਕਿ ਭਾਈ ਸਾਹਿਬ ਨੇ 99 (ਨੜਿੱਨਵੇਂ) ਸਾਲ ਛੇ ਮਹੀਨੇ ਚਾਰ ਦਿਨ ਦੀ ਲੰਬੀ ਉਮਰ ਭੋਗੀ । ਇਕ ਵੀ ਰੋਗ ਉਨ੍ਹਾਂ ਦੀ ਮ੍ਰਿਤੂ ਦਾ ਕਾਰਨ ਨਹੀਂ ਬਣਿਆ ਸੀ । ਆਪਣੀ ਉਮਰ ਦੇ ਅੰਤ ਤਕ ਉਨ੍ਹਾਂ ਦੇ ਨੈਣ ਪੂਰੀ ਸਿਹਤ ਵਿਚ ਕੰਮ ਕਰਦੇ ਰਹੇ ਸਨ । ਮੌਤ ਦੇ ਸਮੇਂ ਉਹ ਆਪਣੀ ਹੋਸ਼-ਹਵਾਸ ਵਿਚ ਸਨ । ਮੌਤ ਤੋਂ ਪਹਿਲਾਂ ਉਨ੍ਹਾਂ ਨੇ ਆਪ ਜਪੁ ਜੀ ਸਾਹਿਬ ਦਾ ਪਾਠ ਕੀਤਾ ਸੀ। ਉਸ ਤੋਂ ਪਿਛੋਂ ਸੁਖਮਨੀ ਸਾਹਿਬ ਦਾ ਪਾਠ ਸੁਣਦਿਆਂ ਹੋਇਆਂ ਉਨ੍ਹਾਂ ਨੇ ਆਪਣੇ ਸਵਾਸ ਛੱਡੇ।

ਭਾਈ ਸਾਹਿਬ ਤੜਕੇ ਦੋ ਵਜੇ ਉੱਠਦੇ ਸਨ,। ਇਸ਼ਨਾਨ ਕਰਕੇ ਗੁਰਬਾਣੀ ਦੀਆਂ ਸਵੇਰ ਵੇਲੇ ਦੀਆਂ ਨਿੱਤਨੇਮ ਦੀਆਂ ਬਾਣੀਆਂ ਜਪੁ ਜੀ ਸਾਹਿਬ, ਜਾਪੁ ਸਾਹਿਬ, ਸਵੈਯੇ, ਪਾਤਿਸ਼ਾਹੀ ੧੦ ਦਾ ਪਾਠ ਕਰਦੇ ਸਨ । ਨਿੱਤਨੇਮ ਦੀਆਂ ਉੱਪਰ ਲਿਖੀਆਂ ਬਾਣੀਆਂ ਦੇ ਨਾਲ ਸੁਖਮਨੀ ਸਾਹਿਬ ਦਾ ਪਾਠ ਵੀ ਪ੍ਰਤੀ-ਦਿਨ ਕਰਦੇ ਸਨ । ਅੰਮ੍ਰਿਤ ਵੇਲੇ ਉਹ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਸਨ, ਫਿਰ ਕੁਝ ਪੰਨਿਆਂ ਦਾ ਪਾਠ ਕਰਦੇ ਸਨ, ਉਸ ਤੋਂ ਪਿਛੋਂ ਉਹ ਕਾਲਜ ਦੇ ਗੁਰਦਵਾਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਦੇ ਸਨ; ਫਿਰ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਸੁਣਾਉਂਦੇ ਸਨ ।

ਅੱਜ ਟੈਲੀਵਿਜ਼ਨ ਨੇ ਹੋਂਦ ਵਿਚ ਆ ਕੇ ਸਦੀਆਂ ਤੋਂ ਚੱਲੇ ਆ ਰਹੇ ਦੁਨੀਆਂ ਦੇ ਬੰਦਿਆਂ ਦੇ ਰਹਿਣ-ਸਹਿਣ ਦੇ ਢੰਗਾਂ ਵਿਚ ਉਥਲ-ਪੁਥਲ ਮਚਾ ਦਿੱਤੀ



ਹੈ । ਜਿਹੜੇ ਬੰਦੇ ਆਪਣੇ ਬੱਚਿਆਂ ਨੂੰ ਸ਼ਾਮ ਦੇ ਪੰਜ ਵਜੇ ਤੋਂ ਲੈ ਕੇ ਰਾਤ ਦੇ ਸਾਢੇ ਦਸ ਵਜੇ ਤਕ ਟੈਲੀਵਿਜ਼ਨ ਦੇਖਣ ਦਿੰਦੇ ਹਨ ਤੇ ਉਨ੍ਹਾਂ ਨੂੰ ਦੋਨੋਂ ਵੇਲੇ ਬਾਣੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦਵਾਰੇ ਜਾ ਕੇ ਮੱਥਾ ਟੇਕਣ, ਗੁਰੂ ਕੇ ਲੰਗਰ ਵਿਚ ਜਾ ਕੇ ਸੰਗਤਾਂ ਦੀ ਸੇਵਾ ਕਰਨ ਤੇ ਦਸਵੰਧ ਕੱਢਣ ਦੀ ਆਦਤ ਨਹੀਂ ਪਾਉਂਦੇ ਉਨ੍ਹਾਂ ਦੇ ਪੁੱਤਰ ਨਸ਼ੀਲੀਆਂ ਚੀਜ਼ਾਂ ਖਾਣ ਵਾਲੇ ਆਲਸੀ, ਨਿਕੰਮੇ ਤੇ ਖੋਟੇ ਰਸਤੇ 'ਤੇ ਤੁਰਨ ਵਾਲੇ ਬਣਨਗੇ । ਜਿਹੜੇ ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਪ੍ਰਿੰਸੀਪਲ ਜੋਧ ਸਿੰਘ ਵਾਂਗ ਉੱਨਤੀ ਕਰਦੇ ਹੋਏ ਚੰਦ ਦੀ ਚਮਕ ਦਿਖਾਉਂਦੇ ਹੋਏ ਹੋਰਨਾਂ ਦੀਆਂ ਅੱਖੀਆਂ ਚੁੰਧਿਆਉਣ ਵਾਲਾ ਜੀਵਨ ਬਿਤਾਉਣ, ਉਹ ਟੈਲੀਵਿਜ਼ਨ ਵੱਲ ਪਿੱਠ ਫੇਰ ਕੇ ਭਾਈ ਗੁਰਦਾਸ ਜੀ ਦੇ ਉੱਪਰ ਲਿਖੇ ਵਾਕ ਅਨੁਸਾਰ ਆਪਣੇ ਪੁੱਤਰਾਂ ਧੀਆਂ ਦਾ ਜੀਵਨ ਢਾਲਣ ਦਾ ਯਤਨ ਕਰਨ ।

ਮੈਂ ਆਪਣੇ ਜੀਵਨ ਵਿਚ ਜਿਹੜੇ ਬੰਦੇ ਭਾਈ ਸਾਹਿਬ ਭਾਈ ਜੋਧ ਸਿੰਘ ਵਾਂਗ ਤੜਕੇ ਉਠ ਕੇ ਬਾਣੀ ਪੜ੍ਹਨ ਵਾਲੇ ਤੇ ਗੁਰਦਵਾਰੇ ਜਾ ਕੇ ਕਥਾ-ਕੀਰਤਨ ਸੁਣਨ ਵਾਲੇ ਤੇ ਆਪਣੀ ਧਰਮ ਦੀ ਕਮਾਈ ਵਿਚੋਂ ਦਸਵੰਧ ਕੱਢਣ ਵਾਲੇ ਦੇਖੇ ਹਨ, ਉਹਨਾਂ ਨੇ ਬੜੀਆਂ ਲੰਮੀਆਂ ਉਮਰਾਂ ਭੋਗੀਆਂ, ਉੱਚੀਆਂ ਪਦਵੀਆਂ ਪ੍ਰਾਪਤ ਕੀਤੀਆਂ ਤੇ ਬੜਾ ਜੱਸ ਪ੍ਰਾਪਤ ਕੀਤਾ । ਉਹਨਾਂ ਦੇ ਪੁੱਤਰ ਧੀਆਂ ਬੜੇ ਹੋਣਹਾਰ, ਨੇਕ ਤੇ ਉੱਚੀਆਂ ਪਦਵੀਆਂ ਵਾਲੇ ਬਣੇ; ਜਿਵੇਂ ਪ੍ਰਿੰਸੀਪਲ ਜੋਧ ਸਿੰਘ ਦਾ ਪੁੱਤਰ ਡਿਪਟੀ ਕਮਿਸ਼ਨਰ ਬਣਿਆ ਤੇ ਫਰੀਦਕੋਟ ਦੇ ਡਾਕਟਰ ਪੂਰਨ ਸਿੰਘ ਦੇ ਸਾਰੇ ਪੁੱਤਰ ਵੱਡੇ-ਵੱਡੇ ਅਫ਼ਸਰ ਬਣੇ, ਜਿਨ੍ਹਾਂ ਆਪਣੇ ਨੇਕ ਕੰਮਾਂ ਨਾਲ ਆਪਣੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ । ਪਰ ਮੈਨੂੰ ਹੁਣ ਫ਼ਿਕਰ ਲੱਗ ਚੁੱਕਾ ਹੈ ਕਿ ਜਿਨ੍ਹਾਂ ਸਿੱਖ ਘਰਾਣਿਆਂ ਵਿਚ ਟੈਲੀਵਿਜ਼ਨ ਆ ਚੁੱਕਾ ਹੈ ਉਹਨਾਂ ਦੇ ਪੁੱਤਰਾਂ ਧੀਆਂ ਨੂੰ ਤੜਕੇ ਉੱਠਣ, ਬਾਣੀ ਪੜ੍ਹਣ ਤੇ ਗੁਰਦਵਾਰੇ ਜਾ ਕੇ ਕਥਾ-ਕੀਰਤਨ ਸੁਣਨ ਦੀਆਂ ਆਦਤਾਂ ਨਹੀਂ ਪੈਣਗੀਆਂ । ਉਹ ਤਾਂ ਟੈਲੀਵਿਜ਼ਨ ਤੋਂ ਮਿਲਣ ਵਾਲੀ ਇਖ਼ਲਾਕ ਨੂੰ ਵਿਗਾੜਨ ਵਾਲੀ ਸਿੱਖਿਆ ਪ੍ਰਾਪਤ ਕਰਕੇ ਖੋਟੇ ਰਾਹਾਂ 'ਤੇ ਤੁਰਨ ਵਾਲੇ ਬਣਨਗੇ । ਲਾਹੌਰ ਸ਼ਹਿਰ ਵਿਚ ਸ੍ਰ: ਜੋਗਿੰਦਰ ਸਿੰਘ ਨੇ ਯੂਨੀਵਰਸਿਟੀ ਦੀ ਸਾਲਾਨਾ ਇਕੱਤਰਤਾ ਵਿਚ ਕਿਹਾ ਸੀ ਕਿ ਮਾਵਾਂ ਰਾਤ ਦੇ ਵੇਲੇ ਆਪਣੇ ਬੱਚਿਆਂ ਨੂੰ ਮਹਾਂਪੁਰਸ਼ਾਂ ਦੀਆਂ ਕਹਾਣੀਆਂ ਸੁਣਾਇਆਂ ਕਰਦੀਆਂ ਸਨ । ਉਨ੍ਹਾਂ ਕਹਾਣੀਆਂ ਨੂੰ ਸੁਣ ਕੇ ਉਨ੍ਹਾਂ ਦੇ ਬੱਚੇ ਮਹਾਂਪੁਰਸ਼ ਬਣਨ ਦੇ ਰਸਤੇ ਤੁਰ ਪਿਆ ਕਰਦੇ ਸਨ । ਜਿਹੜੇ ਸਿੱਖ ਪਰਿਵਾਰ ਚਾਹੁੰਦੇ ਹਨ ਕਿ ਉਹਨਾਂ ਦੇ ਬੱਚੇ ਪ੍ਰਿੰਸੀਪਲ ਜੋਧ ਸਿੰਘ ਵਾਂਗ ਲੰਬੀਆਂ ਉਮਰਾਂ ਭੋਗਣ ਵਾਲੇ ਤੇ ਉੱਚੀਆਂ ਪਦਵੀਆਂ ਪ੍ਰਾਪਤ ਕਰਨ ਵਾਲੇ ਬਣਨ ਉਹ ਟੈਲੀਵਿਜ਼ਨ ਖ਼ਰੀਦਣ ਤੇ ਵੇਚਣ ਬਾਰੇ ਪੜ੍ਹਿਆ ਵਿਚਾਰ ਲੈਣ । ਟੈਲੀਵਿਜ਼ਨ ਵਿਚ ਚੰਗੀ ਗੱਲ ਆਟੇ ਵਿਚ ਲੂਣ ਦੇ ਤੁਲ ਨਾ ਹੋਇਆਂ ਜਿੰਨੀ ਹੈ ਤੇ ਬੁਰਾਈ ਆਟੇ ਬਰਾਬਰ ਵੱਧ ਤੋਂ ਵੱਧ ਹੈ ।

ਪ੍ਰਿੰਸੀਪਲ ਸਾਹਿਬ ਦੇ ਦੋ ਪੁੱਤਰ ਸਨ । ਇਕ ਜਵਾਨ ਪੁੱਤਰ ਪੜ੍ਹਾਈ ਕਰਦਾ ਹੋਇਆ ਬਿਮਾਰੀ ਨਾਲ ਮਰ ਗਿਆ ਸੀ । ਉਸ ਦੀ ਚਿਤਾ ਦੀ ਅਰਦਾਸ ਪ੍ਰਿੰਸੀਪਲ ਸਾਹਿਬ ਨੇ ਇਹ ਕਹਿ ਕੇ ਆਪ ਕੀਤੀ ਕਿ ਹੇ ਵਾਹਿਗੁਰੂ ! ਤੂੰ ਮੈਨੂੰ ਇਕ ਦਾਤ ਬਖ਼ਸ਼ੀ ਸੀ ਜਿਸ ਨੂੰ ਤੂੰ ਵਾਪਸ ਲੈ ਲਿਆ ਹੈ । ਤੇਰੀ ਰਜ਼ਾ ਅੱਗੇ ਮੈਂ ਸਿਰ ਝੁਕਾਉਂਦਾ ਹਾਂ । ਪ੍ਰਿੰਸੀਪਲ ਜੋਧ ਸਿੰਘ ਦਾ ਦੂਜਾ ਪੁੱਤਰ ਭਾਈ ਸੁੰਦਰ ਸਿੰਘ ਡਿਪਟੀ ਕਮਿਸ਼ਨਰ ਬਣਿਆ ਸੀ । ਜਦੋਂ ਉਸ ਦੇ ਪੁੱਤਰ ਨੇ ਨੌਕਰੀ ਆਰੰਭ ਕੀਤੀ ਤਾਂ ਪ੍ਰਿੰਸੀਪਲ ਸਾਹਿਬ ਨੇ ਉਸ ਨੂੰ ਹੇਠ ਲਿਖੀਆਂ ਤਿੰਨ ਨਸੀਹਤਾਂ ਕੀਤੀਆਂ—"ਪੁੱਤਰ ਤੂੰ ਆਪਣੀ ਤਨਖ਼ਾਹ ਵਿਚੋਂ ਗੁਰੂ ਦੀ ਗੋਲਕ ਦਾ ਦਸਵਾਂ ਹਿੱਸਾ ਦਾਨ ਕਰਨ ਲਈ ਕੱਢੀਂ ਤੇ ਕਿਸੇ ਨੂੰ ਸ਼ਰਾਬ ਨਾ ਪਿਲਾਈਂ । ਪੁੱਤਰ ਮੇਰੇ ਘਰ ਰਾਜੇ ਮਹਾਰਾਜੇ ਵੀ ਆਉਂਦੇ ਰਹੇ ਹਨ ਤੇ ਵਜ਼ੀਰ ਵੀ, ਪਰ ਮੈਂ ਕਦੇ ਕਿਸੇ ਨੂੰ ਸ਼ਰਾਬ ਨਹੀਂ ਪਿਲਾਈ ਸੀ।" ਭਾਈ ਸਾਹਿਬ ਨੇ ਆਪਣੀ ਮੌਤ ਤੋਂ ਕੁਝ ਸਮਾਂ ਪਹਿਲੇ ਆਪਣੇ ਪੁੱਤਰ ਨੂੰ ਕਿਹਾ ਕਿ ਪੁੱਤਰ ! 'ਮੇਰੇ ਪਾਸ ਦਸਵੰਧ ਦੇ (੭) ਸੱਤ ਹਜ਼ਾਰ ਰੁਪਏ ਜਮ੍ਹਾਂ ਪਏ ਹੋਏ ਹਨ । ਇਹ ਰਕਮ ਤੂੰ ਜਾ ਕੇ ਕਿਸੇ ਯੋਗ ਥਾਂ 'ਤੇ ਦਾਨ ਦੇ ਆ ।' ਪੁੱਤਰ ੭ ਹਜ਼ਾਰ ਰੁਪਿਆ ਲੈ ਕੇ ਤੁਰਿਆ ਤੇ ਸ਼ਾਮ ਤਕ ੭ ਹਜ਼ਾਰ ਰੁਪਏ ਯੋਗ ਥਾਵਾਂ 'ਤੇ ਦਾਨ ਕਰਕੇ ਹੀ ਵਾਪਸ ਮੁੜਿਆ । ਭਾਈ ਸਾਹਿਬ ਜਦ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਸਨ ਤਾਂ ਉਨ੍ਹਾਂ ਦੀ ਤਨਖ਼ਾਹ 1200 (ਬਾਰਾਂ ਸੌ) ਰੁਪਏ ਮਹੀਨਾ ਸੀ ; ਪਰ ਜਦ ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਵਾਈਸ-ਚਾਂਸਲਰ ਬਣੇ ਤਾਂ ਉਨ੍ਹਾਂ ਦੀ ਤਨਖ਼ਾਹ 2200 (ਬਾਈ ਸੌ) ਰੁਪਏ ਮਹੀਨਾ ਹੋ ਗਈ । ਉਸ ਵੇਲੇ ਉਨ੍ਹਾਂ ਨੇ ਆਪਣੇ ਪੁੱਤਰ ਭਾਈ ਸੁੰਦਰ ਸਿੰਘ ਨੂੰ ਕਿਹਾ, "ਪੁੱਤਰ ਜਦ ਮੇਰੀ ਤਨਖ਼ਾਹ 1200 ਰੁਪਏ ਮਹੀਨਾ ਸੀ ਤਾਂ ਮੇਰਾ ਗੁਜ਼ਾਰਾ ਚੰਗੀ ਤਰ੍ਹਾਂ ਚੱਲ ਜਾਂਦਾ ਸੀ । ਹੁਣ ਇਹ ਤਨਖ਼ਾਹ ਇਕ ਹਜ਼ਾਰ ਰੁਪਏ ਮਹੀਨਾ ਵੱਧ ਹੋ ਗਈ ਹੈ । ਸੋ ਵਧੇ ਹੋਏ ਇਕ ਹਜ਼ਾਰ ਦੀ ਮੈਨੂੰ ਆਪਣੇ ਜੀਵਨ ਨਿਰਬਾਹ ਲਈ ਲੋੜ ਨਹੀਂ ; ਇਸ ਲਈ ਜੇ ਤੂੰ ਆਗਿਆ ਦੇਵੇਂ ਤਾਂ ਮੈਂ ਇਹ ਵਧੀ ਹੋਈ ਰਕਮ ਇਕ ਹਜ਼ਾਰ ਰੁਪਿਆ ਮਹੀਨਾ ਦਾਨ ਕਰ ਦਿਆਂ ਕਰਾਂ; ਕਿਉਂਕਿ ਮੇਰੀ ਜਾਇਦਾਦ ਦਾ ਵਾਰਸ ਤੂੰ ਹੀ ਬਣਨਾ ਹੈ।" ਭਾਈ ਸੁੰਦਰ ਸਿੰਘ ਨੇ ਉੱਤਰ ਦਿੱਤਾ "ਪਿਤਾ ਜੀ ਤੁਸੀਂ ਮੇਰੀ ਇਤਨੀ ਪੜ੍ਹਾਈ ਕਰਾਈ ਹੈ ਕਿ ਮੈਂ ਇਸ ਸਮੇਂ ਡਿਪਟੀ ਕਮਿਸ਼ਨਰ ਲੱਗਾ ਹੋਇਆ ਹਾਂ । ਮੈਂ ਆਪਣੀ ਤਨਖ਼ਾਹ ਨਾਲ ਚੰਗੀ ਤਰ੍ਹਾਂ ਜੀਵਨ ਨਿਰਬਾਹ ਕਰ ਸਕਦਾ ਹਾਂ । ਮੈਂ ਤੁਹਾਡੇ ਦਾਨ ਦੇ ਚਾਉ ਵਿਚ ਕਿਉਂ ਰੁਕਾਵਟ ਪਾਵਾਂ ।" ਭਾਈ ਸਾਹਿਬ ਨੇ ਇਕ ਕਮੇਟੀ ਬਣਾ ਛੱਡੀ ਜਿਸ ਨੇ ਉਹ ਇਕ ਹਜ਼ਾਰ ਰੁਪਿਆ ਮਹੀਨਾ ਗ਼ਰੀਬ ਵਿਦਿਆਰਥੀਆਂ ਨੂੰ ਦੇਣਾ ਸੀ । ਉਸ ਨੌਕਰੀ ਸਮੇਂ 37000 ਰੁਪਿਆ ਇਸ ਤਰ੍ਹਾਂ ਭਾਈ ਸਾਹਿਬ ਦਾ ਦਾਨ ਦੇ ਰੂਪ ਵਿਚ ਵਿਦਿਆਰਥੀਆਂ ਨੂੰ ਗਿਆ ।

-o-



# ਬਾਬਾ ਅਟੱਲ ਪੱਕੀਆਂ ਪਕਾਈਆਂ ਘੱਲ

ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿਚ ਰਹਿੰਦੇ ਨੂੰ ਮੈਨੂੰ ਸੈਂਤੀਵਾਂ ਸਾਲ ਜਾ ਰਿਹਾ ਹੈ । ਕੀ ਇਹ ਅਜਬ ਗੱਲ ਨਹੀਂ ਕਿ ਇਸ ਸਾਰੇ ਸਮੇਂ ਵਿਚ ਮੈਂ ਕਿਸੇ ਦੇ ਮੂੰਹੋਂ ਵੀ 'ਬਾਬਾ ਅਟੱਲ ਪੱਕੀਆਂ ਪਕਾਈਆਂ ਘੱਲ' ਦੀ ਅਰਜੋਈ ਨਹੀਂ ਸੁਣੀ ? ਬਾਬਾ ਅਟੱਲ ਸਿੱਖ ਕੌਮ ਅੰਦਰ ਇਕ ਬੜੀ ਪ੍ਰਤਿਸ਼ਠਿਤ ਹਸਤੀ ਹੋਏ ਹਨ, ਜਿਨ੍ਹਾਂ ਨੇ ਛੋਟੀ ਆਯੂ ਵਿਚ ਹੀ ਆਤਮ-ਬਲ ਪ੍ਰਾਪਤ ਕਰ ਲਿਆ ਸੀ ਤੇ ਜਿਨ੍ਹਾਂ ਨੂੰ ਸਿੱਖ-ਸੰਗਤਾਂ ਬੜੇ ਪਿਆਰ ਤੇ ਸਤਿਕਾਰ ਨਾਲ ਯਾਦ ਕਰਦੀਆਂ ਆਈਆਂ ਹਨ । ਉਹਨਾਂ ਦੀ ਯਾਦ ਵਿਚ ਇਕ ਗੁਰਦੁਆਰਾ ਬਾਬਾ ਅਟੱਲ ਸਾਹਿਬ ਨਾਮ ਹੇਠ ਪ੍ਰਸਿੱਧ ਹੈ ਜਿੱਥੇ ਕਿਸੇ ਸਮੇਂ ਅਤਿਥੀ, ਹੀਣੇ ਤੇ ਲੋੜਵੰਦਾਂ ਲਈ ਦਰਦੀ ਸਿੰਘਾਂ ਦੇ ਹਿਰਦਿਆਂ ਵਿਚੋਂ ਅਰਦਾਸ ਨਿਕਲਦੀ ਹੁੰਦੀ ਸੀ ਕਿ ਹੇ ਬਾਬਾ ਅਟੱਲ ਰਾਇ ਜੀ ! ਸਾਨੂੰ ਆਪ ਦੀ ਕਿਰਪਾ ਦੁਆਰਾ ਇਹਨਾਂ ਲੋੜਵੰਦਾਂ ਲਈ ਪੱਕੀਆਂ ਪਕਾਈਆਂ ਰੋਟੀਆਂ ਦੀ ਬਖ਼ਸ਼ਿਸ਼ ਹੋਵੇ । ਇਹ ਇਕ ਤਰ੍ਹਾਂ ਸਿੱਖ ਸੰਗਤਾਂ ਨੂੰ ਅਪੀਲ ਹੁੰਦੀ ਸੀ ਕਿ ਉਹ ਪੱਕੀਆਂ ਪਕਾਈਆਂ ਰੋਟੀਆਂ ਲੈ ਕੇ ਸੇਵਾ ਲਈ ਆਵਣ। ਪੱਕੀਆਂ ਪਕਾਈਆਂ ਸ਼ਬਦ ਤੋਂ ਪ੍ਰਗਟ ਹੋ ਜਾਂਦਾ ਹੈ ਕਿ ਰੋਟੀਆਂ ਉਹਨਾਂ ਲੋਕਾਂ ਲਈ ਸਨ ਜੋ ਆਪ ਪਕਾਉਣ ਜੋਗੇ ਨਹੀਂ ਸਨ ਤੇ ਦੂਜਿਆਂ ਦੇ ਸਹਾਰੇ ਜਿਉਂਦੇ ਰਹਿ ਸਕਦੇ ਸਨ । ਸੰਸਾਰ ਵਿਚ ਜਿਸ ਦਿਨ ਤੋਂ ਮਨੁੱਖ ਦਾ ਜਨਮ ਹੋਇਆ ਹੈ ਉਸੇ ਦਿਨ ਤੋਂ ਹੀ ਅਜਿਹੇ ਬੰਦੇ ਮੌਜੂਦ ਰਹੇ ਹਨ, ਜਿਹਨਾਂ ਨੂੰ ਪੱਕੀਆਂ ਪਕਾਈਆਂ ਦੀ ਲੋੜ ਰਹੀ ਹੈ; ਪਰ ਅਫਸੋਸ ਹੈ ਕਿ ਅੱਜ ਇਸ ਕਿਸਮ ਦੀ ਅਵਾਜ਼ ਘੱਟ ਨਿਕਲ ਰਹੀ ਹੈ ਜਿਸ ਦਾ ਅਰਥ ਹੈ ਕਿ ਅਸੀਂ ਸਿੱਖੀ ਦੀ ਸਹੀ ਸਪਿਰਿਟ (Spirit) ਭਾਵਨਾ ਤੋਂ ਬੜੀ ਦੂਰ ਚਲੇ ਗਏ ਹੋਏ ਹਾਂ । ਮੈਂ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਵਿਚ ਜੰਮਿਆਂ ਪਲਿਆਂ ਹਾਂ । ਮੈਨੂੰ ਯਾਦ ਹੈ ਕਿ ਆਪਣੇ ਲੜਕਪਨ ਦੇ ਸਮੇਂ ਵਿਚ ਹੀ ਮੈਂ ਆਪ ਹਿਰਦੇ ਦੇ ਬੜੇ ਚਾਓ ਨਾਲ ਪੱਕੀਆਂ ਪਕਾਈਆਂ ਦੀ ਅਰਜੋਈ ਨੂੰ ਪੜ੍ਹਿਆ ਤੇ ਸੁਣਿਆਂ ਕਰਦਾ ਸਾਂ ।

ਉਹ ਕਿਸ ਕਿਸਮ ਦੇ ਬੰਦੇ ਹੋ ਸਕਦੇ ਹਨ, ਜਿਨ੍ਹਾਂ ਲਈ ਸ੍ਰੀ ਦਰਬਾਰ ਸਾਹਿਬ ਦੇ ਵਲਗਣ ਅੰਦਰ ਪੱਕੀਆਂ ਪਕਾਈਆਂ ਦੀ ਲੋੜ ਸਮਝੀ ਗਈ ਸੀ ? ਇਸ ਦਾ ਪਤਾ ਸ੍ਰੀ ਦਰਬਾਰ ਸਾਹਿਬ ਦੀ ਗੋਲਕ ਤੇ ਲੰਗਰ ਦੀ ਪੁਰਾਤਨ ਮਰਯਾਦਾ ਤੋਂ ਲੱਗ ਜਾਂਦਾ ਹੈ, ਜੋ ਇਸ ਪ੍ਰਕਾਰ ਹੈ:

"ਸਦਾ ਬਰਤ (ਲੰਗਰ) ਬਾਰੇ ਇਹ ਮਰਯਾਦਾ ਥਾਪੀ ਗਈ ਕਿ ਜਿਹੜਾ ਪ੍ਰਦੇਸੀ ਆਵੇ ਭਾਵੇਂ ਉਹ ਯਾਤਰੂ ਹੋਵੇ ਤੇ ਭਾਵੇਂ ਸਾਧਾਰਣ ਬੰਦਾ ਹੋਵੇ, ਉਹ ਪਹਿਲੇ ਦਿਨ ਗੁਰੂ ਕੇ ਲੰਗਰੋਂ ਪ੍ਰਸ਼ਾਦਾ ਛਕੇ ਜਾਂ ਸੀਧਾ ਲਏ । ਜਿਹੜੇ ਬੰਦੇ ਸਰੀਰ ਤੋਂ ਨਕਾਰੇ ਹੋਣ ਅਤੇ ਆਪਣੇ ਨਿਰਬਾਹ ਲਈ ਆਪਣੀ ਰੋਜ਼ੀ ਆਪਣੇ ਸਰੀਰਾਂ ਦੀ

ਸਿਥਿਲਤਾ ਅਤੇ ਨਕਾਰਾਪਨ ਜਾਂ ਬੇਵੱਸੀ ਦੇ ਕਾਰਨ ਆਪ ਨਾ ਕਮਾ ਸਕਦੇ ਹੋਣ, ਉਨ੍ਹਾਂ ਦੇ ਰੋਜ਼ੀਨੇ ਬੰਨ੍ਹ ਦਿੱਤੇ ਗਏ । ਜੋ ਰੋਜ਼ੀਨੇ (ਆਟਾ, ਦਾਲ ਅਤੇ ਘਿਓ ਆਦਿ ਪਦਾਰਥਾਂ ਦੀ ਸ਼ਕਲ ਵਿਚ) ਨਿਤਾਣੇ ਬੰਦਿਆਂ ਦੇ ਬੰਨ੍ਹੇ ਗਏ ਉਹ ਰੋਜ਼ੀਨੇ ਉਹਨਾਂ ਅਪਾਹਿਜਾਂ ਨੇ ਸ੍ਰੀ ਦਰਬਾਰ ਸਾਹਿਬ ਦੇ ਮੋਦੀਖ਼ਾਨੇ ਤੋਂ ਲੈਣੇ ਹੁੰਦੇ ਸਨ । ਨੇਤਰਹੀਣ (ਅੰਨ੍ਹਾ), ਲੰਗੜਾ ਤੇ ਬਿਰਧ ਇਹਨਾਂ ਤਿੰਨੇ ਕਿਸਮਾਂ ਦੇ ਅਪਾਹਿਜਾਂ ਦੇ ਨਾਲ ਇਕ ਹੋਰ ਸ਼ਬਦ 'ਅਰਥੀ' ਵੀ ਵਰਤਿਆ ਗਿਆ ਹੈ। ਇਸ ਸ਼ਰੇਣੀ ਨੂੰ ਵੀ ਰੋਜ਼ੀਨਿਆਂ ਦਾ ਅਧਿਕਾਰੀ ਗਿਣਿਆ ਗਿਆ ਹੈ । ਬੁੱਢੀਆਂ ਠੇਰੀਆਂ ਮਾਈਆਂ ਵਾਸਤੇ ਵੀ ਇਹ ਬੰਧਾਨ ਬੰਨ੍ਹਿਆਂ ਗਿਆ ਕਿ ਜਿਹੜੀ ਮਾਈ ਆਪਣੇ ਸਰੀਰਕ ਨਕਾਰਾਪਨ ਦੇ ਕਾਰਨ ਆਪਣੇ ਨਿਰਬਾਹ ਲਈ ਕੋਈ ਕਾਰ ਵਿਹਾਰ ਨਾ ਕਰ ਸਕਦੀ ਹੋਵੇ ਤੇ ਗੁਰੂ ਘਰ ਦੀ ਓਟ ਤੋਂ ਬਿਨਾਂ ਉਸ ਦਾ ਆਸਰਾ ਵੀ ਕੋਈ ਹੋਰ ਨਾ ਹੋਵੇ, ਉਹ ਮਾਈ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਤੋਂ ਭੋਜਨ ਮਾਤਰ ਲੈ ਕੇ ਆਪਣਾ ਜੀਵਨ ਨਿਰਬਾਹ ਕਰੇ। ਯਾਤਰੂਆਂ, ਮੁਸਾਫ਼ਿਰਾਂ ਅਪਾਹਿਜਾਂ ਅਤੇ ਅਰਥੀਆਂ ਦਾ ਜੋ ਵੇਰਵਾ ਉੱਤੇ ਦਿੱਤਾ ਗਿਆ ਹੈ ਇਹਨਾਂ ਸਾਰੀਆਂ ਉੱਪਰ ਲਿਖੀਆਂ ਸ਼ਰੇਣੀਆਂ ਲਈ ਜੋ ਬੰਧਾਨ ਸੀਧੇ ਤੇ ਪੱਕੇ ਭੋਜਨ ਦੇ ਬੰਨ੍ਹੇ ਗਏ ਉਹਨਾਂ ਬੰਧਾਨਾਂ ਬਾਰੇ ਇਹ ਗੱਲ ਵੀ ਨਾਲ ਹੀ ਪੱਕੀ ਕਰ ਦਿੱਤੀ ਗਈ ਕਿ ਇਹਨਾਂ ਬੰਧਾਨਾਂ ਦੇ ਖ਼ਰਚਾਂ ਦੇ ਭੁਗਤ ਜਾਣ ਪਿਛੋਂ ਹੀ ਸ੍ਰੀ ਦਰਬਾਰ ਸਾਹਿਬ ਦੇ ਦਰੋਗਿਆਂ, ਮਸੰਦੀਆਂ ਤੇ ਕਾਮਿਆਂ ਦੀਆਂ ਤਨਖ਼ਾਹਾਂ ਦਿੱਤੀਆਂ ਜਾ ਸਕਦੀਆਂ ਹਨ ।"

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਸੰਮਤ ੧੭੬੫ ਬਿਕ੍ਰਮੀ ਵਿਚ ਜੋਤੀ ਜੋਤ ਸਮਾ ਗਏ ਸਨ । ਇਸ ਬੰਧਾਨ ਦੀ ਬਹਾਲੀ ਦੇ ਸਮੇਂ ਸ੍ਰੀ ਦਰਬਾਰ ਸਾਹਿਬ ਦੀ ਚੜ੍ਹਤ ਦੀ ਬੱਚਤ ਦਸਵੇਂ ਪਾਤਿਸ਼ਾਹ ਦੇ ਦੋਹਾਂ ਮਹਿਲਾਂ ਮਾਤਾ ਜੀਆਂ ਪਾਸ ਹੀ ਜਾ ਸਕਦੀ ਸੀ । ਮਾਤਾ ਜੀਆਂ ਪਾਸ ਪਹੁੰਚਣ ਵਾਲੀ ਚੜ੍ਹਤ ਬਾਰੇ ਵੀ ਇਹ ਗੱਲ ਨਿਸ਼ਚੇ ਕੀਤੀ ਗਈ ਕਿ ਯਾਤਰੂਆਂ, ਮੁਸਾਫ਼ਿਰਾਂ ਦੇ ਸੀਧਿਆਂ ਤੇ ਪੱਕੇ ਭੋਜਨ ਦੇ ਖ਼ਰਚਾਂ, ਅਪਾਹਿਜਾਂ ਅਤੇ ਅਰਥੀਆਂ ਦੇ ਰੋਜ਼ੀਨਿਆਂ ਆਦਿ ਦੇ ਖ਼ਰਚਾਂ ਅਤੇ ਸੇਵਾਦਾਰਾਂ ਦੀਆਂ ਤਨਖ਼ਾਹਾਂ ਦੇ ਭੁਗਤਾਨ ਮਗਰੋਂ ਹੀ ਜੋ ਮਾਇਆ ਚੜ੍ਹਾਵੇ ਦੀ ਬਚੇ ਉਸ ਮਾਇਆ ਦੀ ਹੁੰਡੀ ਲਾਹੌਰ ਸ਼ਹਿਰੋਂ ਕਰਵਾ ਕੇ ਮਾਤਾ ਜੀਆਂ ਪਾਸ ਦਿੱਲੀ ਭੇਜੀ ਜਾਵੇ।

ਉੱਪਰ ਲਿਖਿਆ ਲੇਖ 'ਬੰਸਾਵਲੀ ਨਾਮਾ' ਗ੍ਰੰਥ 'ਚੋਂ ਤਰਜਮਾ ਕਰਕੇ ਛਾਪਿਆ ਗਿਆ ਹੈ ਜਿਹੜਾ ਸਿੱਖ ਧਰਮ ਦੇ ਇਤਿਹਾਸ ਦਾ ਇਕ ਪੁਰਾਤਨ ਗ੍ਰੰਥ ਹੈ ।

ਇਸ ਗ੍ਰੰਥ ਨੂੰ ਭਾਈ ਕੇਸਰ ਸਿੰਘ ਛਿੱਬਰ ਨੇ ਰਚਿਆ ਜਿਹੜਾ ਦਸਵੇਂ ਪਾਤਿਸ਼ਾਹ ਜੀ ਦੇ ਦੀਵਾਨ ਭਾਈ ਧਰਮ ਚੰਦ ਦੇ ਬੇਟੇ ਭਾਈ ਗੁਰਬਖ਼ਸ਼ ਸਿੰਘ ਛਿੱਬਰ ਦਾ ਪੁੱਤਰ ਸੀ । ਭਾਈ ਕੇਸਰ ਸਿੰਘ ਉਹ ਬੰਦਾ ਸੀ ਜਿਸ ਨੂੰ ਦਸਵੇਂ ਪਾਤਿਸ਼ਾਹ ਦੇ



ਚਰਨਾਂ ਵਿਚ ਪਲਣ ਦਾ ਅਵਸਰ ਮਿਲਿਆ । ਉਸ ਨੇ ਇਸ ਗ੍ਰੰਥ ਦੀ ਰਚਨਾ ਸੰਮਤ 1748 ਤਕ ਕੀਤੀ ਸੀ । ਛਿੱਬਰ ਖ਼ਾਨਦਾਨ ਦਾ ਸੰਬੰਧ ਗੁਰੂ ਘਰ ਨਾਲ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਪਰਾਗੇ ਦੇ ਸਿੱਖ ਬਣਨ ਤੋਂ ਕਾਇਮ ਹੋਇਆ ਸੀ । ਇਸ ਲੇਖ ਵਿਚੋਂ ਸਾਨੂੰ ਸਿੱਖ ਗੁਰਦੁਆਰਿਆਂ ਦੀ ਚੜ੍ਹਤ ਤੇ ਸਿੱਖ ਗੁਰਦੁਆਰਿਆਂ ਦਿਆਂ ਲੰਗਰਾਂ ਵਿਚ ਪੱਕਣ ਵਾਲੇ ਪਦਾਰਥਾਂ ਦੇ ਸੰਬੰਧ ਵਿਚ ਬੁਨਿਆਦੀ ਚਾਨਣ ਮਿਲਦਾ ਹੈ ਕਿ ਉਹਨਾਂ ਦਾ ਅਧਿਕਾਰੀ ਮਨੁੱਖ ਜਾਤੀ ਦਾ ਕਿਹੜਾ ਵਰਗ ਸਭ ਤੋਂ ਵਧੇਰੇ ਹੈ । ਇਸ ਲੇਖ ਵਿਚ ਸ੍ਰੀ ਦਰਬਾਰ (ਹਰਿਮੰਦਰ) ਸਾਹਿਬ ਦੀ ਚੜ੍ਹਤ, ਗੋਲਕ ਤੇ ਜਾਗੀਰ ਦੀ ਵਰਤੋਂ ਦਾ ਬੰਧਾਨ ਵਰਣਨ ਕੀਤਾ ਹੈ । ਇਹ ਬੰਧਾਨ ਸੰਮਤ 1769 ਵਿਚ ਬਹਾਲ ਕੀਤਾ ਗਿਆ । ਇਸ ਨੂੰ ਬਹਾਲ ਕਰਨ ਲਈ ਦਸਵੇਂ ਪਾਤਿਸ਼ਾਹ ਦੇ ਮਹਿਲਾਂ ਖ਼ਾਲਸੇ ਦੇ ਮਾਤਾ ਜੀਆਂ ਦੇ ਦਸਵੇਂ ਪਾਤਿਸ਼ਾਹ ਦੇ ਮਾਮਾ ਕ੍ਰਿਪਾਲ ਸਿੰਘ ਜੀ ਨੂੰ ਪੰਜਾਂ ਸਿੰਘਾਂ ਨਾਲ ਆਪਣੇ ਦਿੱਲੀ ਦੇ ਨਿਵਾਸ ਤੋਂ ਸ੍ਰੀ ਅੰਮ੍ਰਿਤਸਰ ਆਪਣਾ ਪ੍ਰਤਿਨਿਧ ਬਣਾ ਕੇ ਭੇਜਿਆ ਸੀ । ਉਨ੍ਹਾਂ ਪ੍ਰਤਿਨਿਧਾਂ ਨੇ ਇਸ ਬੰਧਾਨ ਨੂੰ ਅੰਮ੍ਰਿਤਸਰ ਦੇ ਸਥਾਨਕ ਪ੍ਰਮੁਖ ਸਿੱਖਾਂ ਦੀ ਰਾਇ ਨਾਲ ਮਾਤਾ ਜੀਆਂ ਦੀ ਮਰਜ਼ੀ ਅਨੁਸਾਰ ਬਹਾਲ ਕੀਤਾ ।

-o-

# ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥

(ਨਾਮ ਬਾਣੀ ਦੇ ਰਸੀਏ ਇਕ ਸਿੰਘ ਦੀ ਕਿਰਿਆ 'ਤੇ

ਭਗਤ ਪੂਰਨ ਸਿੰਘ ਜੀ ਦਾ ਵਿਆਖਿਆਨ)

ਰੱਬ ਨੇ ਜਦੋਂ ਸ੍ਰਿਸ਼ਟੀ ਦੀ ਰਚਨਾ ਦੀ ਯੋਜਨਾ ਬਣਾਈ ਤਾਂ ਉਸ ਦੇ ਸਾਹਮਣੇ ਇਹ ਗੱਲ ਨਹੀਂ ਸੀ ਕਿ ਰਚਨਾ ਇਕ ਵਾਰ ਹੀ ਕਰ ਛੱਡਣੀ ਹੈ, ਫਿਰ ਲਾਂਭੇ ਹੋ ਕੇ ਤਮਾਸ਼ਬੀਨ ਦੇ ਤੌਰ 'ਤੇ ਬੈਠ ਜਾਣਾ ਹੈ; ਸਗੋਂ ਉਹ ਤਾਂ ਸਦੀਵੀ ਤੌਰ 'ਤੇ ਕੰਮੇ ਰੁੱਝਾ ਰਹਿਣਾ ਚਾਹੁੰਦਾ ਸੀ , ਇਸ ਲਈ ਉਸ ਨੇ ਘੜਨ, ਪਾਲਣ ਅਤੇ ਮੁੜ ਢਾਹ ਦੇਣ ਦੇ ਪ੍ਰਬੰਧ ਕੀਤੇ ਤੇ ਇਸ ਤਰ੍ਹਾਂ ਮਨੁੱਖ ਜਾਤੀ ਨੂੰ ਹਰਾ ਭਰਾ ਵੀ ਕਰ ਦਿੱਤਾ। ਨਵੇਂ ਨਵੇਂ ਬੱਚਿਆਂ ਦੀਆਂ ਆਪਣੀਆਂ ਵਿਸਮਾਦ ਭਰੀਆਂ ਖ਼ੁਸ਼ੀਆਂ ਨਾਲ ਉਸ ਨੇ ਹਰ ਘਰ ਨੂੰ ਭਰਪੂਰ ਕਰ ਦਿੱਤਾ । ਸਦਾ ਜਿਊਂਦੇ ਰਹਿਣ ਦੀ ਭੁੱਖ ਵੀ ਉਸ ਨੇ ਆਪ ਹੀ ਮਨੁੱਖਾਂ ਵਿਚ ਪਾਈ ਪਰ ਇਸ ਦੀ ਪੂਰਤੀ ਲਈ ਉਸ ਨੇ ਇਕ ਅਨੋਖਾ ਤੇ ਵੱਡਮੁੱਲਾ ਨਿਯਮ ਕਾਇਮ ਕੀਤਾ ਕਿ ਸਦੀਵੀ ਜਿਊਂਦੇ ਰਹਿਣ ਲਈ ਸਾਰੇ ਸੰਸਾਰ ਨੂੰ ਆਪਣਾ ਟੱਬਰ ਜਾਣੋ । ਇਸ ਤਰ੍ਹਾਂ ਜਦ ਤਕ ਸੰਸਾਰ ਜੀਵੇਗਾ ਤੁਸੀਂ ਵੀ ਜੀਵੋਗੇ । ਜਦ ਤੁਸੀਂ ਸੰਸਾਰ ਲਈ ਜੀਵੋਗੇ, ਸੰਸਾਰ ਦੇ ਕੰਮੀਂ ਲੱਗੋਗੇ, ਤਾਂ ਤੁਸੀਂ ਸਾਰੇ ਸੰਸਾਰ ਦੇ ਦਿਲਾਂ ਵਿਚ ਦਾਖ਼ਲ ਹੋ ਜਾਓਗੇ । ਛੋਟੇ ਜਿਹੇ ਟੱਬਰ ਲਈ ਜਿਊਣ ਵਾਲੇ ਦੀ ਥੁੜ੍ਹ ਕੇਵਲ ਸਾਰੇ ਟੱਬਰ ਦੇ ਜੀਆਂ ਨੂੰ ਹੀ ਹੁੰਦੀ ਹੈ ; ਪਰ ਤੁਹਾਡੀ ਥੁੜ੍ਹ ਸਾਰੇ ਮਹਿਸੂਸ ਕਰਨਗੇ ਤੇ ਇਸ ਤਰ੍ਹਾਂ ਤੁਸੀਂ ਅਮਰ ਹੋ ਜਾਉਗੇ । ਇਹੋ ਭੇਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੇਠ ਲਿਖੇ ਗੁਰੂ ਤੇਗ ਬਹਾਦਰ ਜੀ ਦੇ ਉਚਾਰੇ ਹੋਏ ਸ਼ਬਦ ਵਿਚ ਛੁਪਿਆ ਪਿਆ ਹੈ:-

"ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥" ਪੰ: ੧੪੨੯

ਗੁਰੂ ਨਾਨਕ ਦੇਵ ਜੀ ਆਪ ਵੀ ਅਜਿਹੇ ਢੰਗ ਦਾ ਜਿਊਣ ਹੀ ਜੀਵੇ ਸਨ ਤੇ ਆਪਣੇ ਆਪ ਨੂੰ ਅਮਰ ਬਣਾ ਗਏ । ਸੰਸਾਰ ਵਿਚ ਤਾਂ ਸਦਾ ਹੀ ਅਜਿਹੇ ਮਸਲੇ ਹੁੰਦੇ ਹਨ ਜਿਨ੍ਹਾਂ ਤੋਂ ਦੁਨੀਆਂ ਦੁਖੀ ਤੇ ਪ੍ਰੇਸ਼ਾਨ ਹੁੰਦੀ ਰਹਿੰਦੀ ਹੈ । ਇਨ੍ਹਾਂ ਮਸਲਿਆਂ ਨੂੰ ਵਰਤਮਾਨ ਸਦੀ ਦੇ ਮਹਾਨ ਵਿਦਵਾਨ ਅਰਨਲਡ ਟਾਇਨਬੀ ਨੇ ਤਿੰਨਾਂ ਹਿੱਸਿਆਂ ਵਿਚ ਵੰਡਿਆ ਹੈ:—ਇਖ਼ਲਾਕੀ, ਸਮਾਜਿਕ, ਜਲਵਾਯੂ ਤੇ ਧਰਤੀ ਨਾਲ ਸੰਬੰਧਤ । ਯਾਦ ਰੱਖੋ, ਇਹ ਮਸਲੇ ਸਾਰੀ ਮਨੁੱਖ ਜਾਤੀ ਲਈ ਵੰਗਾਰਾਂ ਹੁੰਦੀ-ਆਂ ਹਨ ਜੋ ਦੁਨੀਆਂ ਨੂੰ ਤਬਾਹੀ ਦੇ ਰਾਹ ਵੀ ਪਾ ਸਕਦੀਆਂ ਹਨ। ਇਹੋ ਜਿਹੇ ਸਮੇਂ ਕੋਈ ਵਿਰਲਾ ਬੰਦਾ ਹੀ ਉਪਜਦਾ ਹੈ ਜੋ ਸਮੇਂ ਦੇ ਹਾਲਾਤਾਂ ਨੂੰ ਮੁੱਖ ਰੱਖ ਕੇ ਆਉਣ ਵਾਲੀਆਂ ਰੁਕਾਵਟਾਂ ਦਾ ਟਾਕਰਾ ਕਰ ਸਕਦਾ ਹੈ । ਉਸ ਨੇ ਆਪਣੀ ਅੰਦਰਲੀ ਉਸਾਰੀ ਕੀਤੀ ਹੈ, ਕਿਉਂਕਿ ਬੇਹੱਦ ਮੁਸ਼ਕਲ ਮਸਲਿਆਂ ਨੂੰ ਹੱਲ ਕਰਨ ਲਈ ਜੀਵਨ ਅਰਪਣ ਕਰਨ ਦੀ ਲੋੜ ਪੈ ਸਕਦੀ ਹੈ, ਜਿਸ ਲਈ ਹਰ ਕੋਈ ਤਿਆਰ ਨਹੀਂ ਹੁੰਦਾ । ਜੇ ਹੋ ਜਾਂਦਾ ਹੈ, ਉਸ ਨੂੰ ਸਾਧ ਕਿਹਾ ਜਾਂਦਾ ਹੈ ਕਿਉਂਕਿ ਉਸ ਨੇ ਆਪਣੇ ਆਪ ਨੂੰ ਸਾਧਿਆ ਹੁੰਦਾ ਹੈ, ਆਪਣੇ ਮਨ 'ਤੇ ਕਾਬੂ ਪਾਇਆ ਹੁੰਦਾ ਹੈ ।



ਭਾਈ ਗੁਰਦਾਸ ਜੀ ਨੇ ਠੀਕ ਹੀ ਆਖਿਆ ਹੈ—

ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ ॥

ਸਾਧ ਬਿਨਾਂ ਜਗਤ ਦੀ ਬੁਰਾਈ ਕੱਟਣ ਵਾਲਾ ਕੋਈ ਨਹੀਂ, ਜਦੋਂ ਖ਼ਰਾਬੀਆਂ ਵਿਚ ਦੁਨੀਆਂ ਡੁਬ ਰਹੀ ਹੋਵੇ ਤਾਂ ਸਾਧ ਬਿਨਾਂ ਉਸ ਨੂੰ ਕੋਈ ਬਚਾ ਨਹੀਂ ਸਕਦਾ ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੇਠ ਲਿਖਿਆ ਸ਼ਬਦ ਮਨੁੱਖ ਦਾ ਧਿਆਨ ਇਸ ਪਾਸੇ ਦਿਵਾਉਂਦਾ ਹੈ । ਇਸ ਵਿਚ ਦੱਸਿਆ ਗਿਆ ਹੈ ਕਿ ਹਰ ਮਨੁੱਖ ਆਪਣੀ ਹੋਸ਼ ਸੰਭਾਲਦਿਆਂ ਇਹ ਸੋਚੇ ਕਿ ਸੰਸਾਰ ਵਿਚ ਰਹਿੰਦਿਆਂ ਹੋਇਆਂ ਉਹ ਕਿਹੜੇ ਕੰਮ ਕਰੇ ਜਿਨ੍ਹਾਂ ਦੇ ਕੀਤਿਆਂ ਉਹ ਦੁਨੀਆਂ ਦੇ ਬੰਦਿਆਂ ਨੂੰ ਵੱਧ ਤੋਂ ਵੱਧ ਸੁਖੀ ਬਣਾਵੇ ਅਤੇ ਆਪਣੇ ਸਿਰ ਤੋਂ ਉਹ ਕਰਜ਼ਾ ਉਤਾਰੇ ਜਿਹੜਾ ਉਸ ਦੀ ਹੋਂਦ ਦੇ ਅਰੰਭ ਤੋਂ ਉਸ ਦੇ ਵਰਤਮਾਨ ਸਾਂਸ ਤਕ ਚੜ੍ਹਦਾ ਆ ਰਿਹਾ ਹੈ:—

ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ ॥

ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ ॥

(ਅੰਗ ੯੬੫)

ਹੋਰ ਆਹਰ ਭਾਵੇਂ ਸਭ ਕਰਦਾ ਫਿਰੇ, ਪਰ ਰੱਬ ਵਾਲੇ ਪਾਸੇ ਦਾ ਆਹਰ ਵਧੇਰੇ ਮਹੱਤਤਾ ਰੱਖਦਾ ਹੈ । ਅਸੀਂ ਰੁਪਏ ਪੈਸੇ ਇਕੱਠੇ ਕਰਦੇ ਰਹਿੰਦੇ ਹਾਂ ਪਰ ਰੱਬ ਵਾਲੇ ਪਾਸੇ ਲੱਗ ਕੇ ਇਹ ਸਭ ਗੱਲਾਂ ਖ਼ਤਮ ਹੋ ਜਾਂਦੀਆਂ ਹਨ ।

ਇਹ ਯਾਦ ਰੱਖੋ ਮਨੁੱਖ ਦੀ ਆਤਮਾ ਦੀ ਸਭ ਤੋਂ ਵੱਡੀ ਲੋੜ ਹੀ ਪਰਉਪਕਾਰ ਹੁੰਦੀ ਹੈ । ਥੋਰੋ ਫ਼ਿਲਾਸਫ਼ਰ ਦੇ ਇਹ ਵਿਚਾਰ ਚੇਤੇ ਰੱਖਣ ਵਾਲੇ ਹਨ ਕਿ ਜੇਕਰ ਅਸੀਂ ਉੱਚੇ ਦਰਜੇ ਦੀਆਂ ਪਵਿੱਤਰ ਖ਼ੁਸ਼ੀਆਂ ਪ੍ਰਾਪਤ ਨਾ ਕਰੀਏ ਤਾਂ ਸਾਡਾ ਮਨ ਸਾਨੂੰ ਖੋਟੀਆਂ ਖ਼ੁਸ਼ੀਆਂ ਵੱਲ ਲੈ ਜਾਵੇਗਾ; ਕਿਉਂਕਿ ਸਾਡੇ ਮਨਾਂ ਅੰਦਰ ਇਕ ਪਸ਼ੂ ਓਨਾ ਹੀ ਜਾਗਦਾ ਹੈ ਜਿੰਨਾ ਅਸੀਂ ਉੱਚੇ ਦਰਜੇ ਦੀਆਂ ਪਵਿੱਤਰ ਖ਼ੁਸ਼ੀਆਂ ਤੋਂ ਪਰ੍ਹੇ ਹਟਦੇ ਹਾਂ । ਇਸੇ ਖ਼ਿਆਲ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੇਠ ਲਿਖਿਆ ਸ਼ਬਦ ਦਰਸਾਉਂਦਾ ਹੈ—

ਇਹ ਰਸ ਛਾਡੇ ਉਹ ਰਸੁ ਆਵਾ ॥

ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥ (ਅੰ: ੩੪੨)

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥

ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ (ਅੰ: ੧੨੪੫)

ਇੰਗਲੈਂਡ ਦੇ ਫ਼ਿਲਾਸਫ਼ਰ ਰਸਕਿਨ ਦੀ ਲਿਖੀ ਸੰਸਾਰ ਪ੍ਰਸਿੱਧ ਪੁਸਤਕ Unto This Last ਵਿਚੋਂ ਲਏ ਗਏ ਹੇਠ ਲਿਖੇ ਲੇਖ ਤੋਂ ਪਤਾ ਲੱਗਦਾ ਹੈ ਕਿ ਬੰਦੇ ਨੂੰ ਸੰਸਾਰ ਵਿਚ ਆਪਣਾ ਆਹਰ ਲੱਭਣ ਲਈ ਕਿੰਨੀ ਅਕਲ ਵਰਤਣ ਦੀ

ਲੋੜ ਹੈ।

ਪ੍ਰਸ਼ਨ ਪਹਿਲਾ—ਜ਼ਖੀਰੇ ਦੀ ਕਿਸਮ ਕੀ ਹੈ ? ਕੀ ਕੌਮ ਨੇ ਹੁਣ ਤਕ ਠੀਕ ਚੀਜ਼ ਲਈ ਜਾਂ ਗ਼ਲਤ ਚੀਜ਼ ਲਈ ਕੰਮ ਕੀਤਾ ਹੈ ਤੇ ਕੀ ਠੀਕ ਚੀਜ਼ ਇਕੱਠੀ ਕੀਤੀ ਹੈ ਜਾਂ ਗ਼ਲਤ ਚੀਜ਼ ? ਇਸ ਸਵਾਲ ਉੱਤੇ ਹੀ ਉਸ ਦੇ ਜੀਵਨ ਦੀਆਂ ਸੰਭਾਵਨਾਵਾਂ ਦਾ ਨਿਰਭਰ ਹੈ। ਉਦਾਹਰਣ ਵਜੋਂ ਆਓ ਇਕ ਛੋਟੇ ਘੇਰੇ ਦਾ ਸਮਾਜ ਫ਼ਰਜ਼ ਕਰੀਏ ਜੋ ਅਨਾਜ, ਉੱਨ, ਰੇਸ਼ਮ ਅਤੇ ਰੋਟੀ ਕੱਪੜੇ ਦੇ ਸਾਂਭੇ ਜਾ ਸਕਣ ਵਾਲੇ ਪਦਾਰਥਾਂ ਨੂੰ ਪੈਦਾ ਕਰਨ ਤੇ ਇਕੱਠਾ ਕਰਨ ਵਿਚ ਲੱਗਾ ਹੋਇਆ ਹੈ ਅਤੇ ਇਸ ਸਮਾਜ ਦਾ ਆਪਣਾ ਸਿੱਕਾ ਵੀ ਹੈ ਜੋ ਇਹਨਾਂ ਪਦਾਰਥਾਂ ਦਾ ਹੀ ਇਕ ਰੂਪ ਹੈ ਅਰਥਾਤ ਉਹਨਾਂ ਦੀ ਗਿਣਤੀ ਮਿਣਤੀ ਦਾ ਸੂਚਕ ਹੈ । ਇਸ ਤੋਂ ਅਗਾਂਹ ਇਹ ਫ਼ਰਜ਼ ਵੀ ਕਰੀਏ ਕਿ ਸਮਾਜ ਆਪਣੇ ਸ਼ੁਗ਼ਲ ਵਾਲੇ ਦਿਨਾਂ 'ਤੇ ਇਹ ਜਾਣ ਕੇ ਕਿ ਉਸ ਨੂੰ ਹਵਾਈ ਗੋਲੇ ਅਤੇ ਪਟਾਕੇ ਆਦਿਕ ਆਤਿਸ਼ਬਾਜ਼ੀ ਦੇ ਸਾਮਾਨ ਵਧੇਰੇ ਖ਼ੁਸ਼ੀ ਦਿੰਦੇ ਹਨ, ਆਪਣਾ ਧਿਆਨ ਹੌਲੇ-ਹੌਲੇ ਬਰੂਦ ਤਿਆਰ ਕਰਨ ਵਿਚ ਵਧੇਰੇ ਲਾਂਦਾ ਜਾਂਦਾ ਹੈ; ਇਸ ਦੇ ਸਿੱਟੇ ਦੇ ਤੌਰ 'ਤੇ ਵਧੇਰੀ ਗਿਣਤੀ ਦੇ ਮਜ਼ਦੂਰ ਆਪਣੇ ਬਚੇ ਹੋਏ ਸਮੇਂ ਨੂੰ ਉਦਯੋਗ ਦੀ ਇਸ ਸ਼ਾਖ਼ ਉੱਤੇ ਲਾਂਦੇ ਹੋਏ, ਜ਼ਖ਼ੀਰੇ ਵਿਚ ਵਧੇਰੀ ਮਾਤਰਾ ਵਿਚ ਬੋਲ ਉੱਠਣ ਵਾਲੇ ਪਦਾਰਥ ਇਕੱਠੇ ਕਰ ਲੈਣਗੇ ਅਤੇ ਬਦਲੇ ਵਿਚ ਆਮ ਸਰਕਾਰੀ ਹਦਾਇਤਾਂ ਦੀ ਵਰਤੋਂ ਕਰਦਿਆਂ ਹੋਇਆਂ, ਆਪਣੀ ਲੋੜ ਅਨੁਸਾਰ ਉੱਨ ਜਾਂ ਅਨਾਜ ਪ੍ਰਾਪਤ ਕਰਨਗੇ । ਸਿੱਕਾ ਤਾਂ ਓਨਾ ਹੀ ਰਹਿੰਦਾ ਹੈ, ਜ਼ਖ਼ੀਰੇ ਵਿਚ ਪਏ ਪਦਾਰਥ ਦੀ ਮਾਤਰਾ ਦਾ ਅਤੇ ਇਸ ਪਦਾਰਥ ਨੂੰ ਪੈਦਾ ਕਰਨ ਵਿਚ ਲੱਗੀ ਮਜ਼ਦੂਰੀ ਦਾ ਐਨ ਸੂਚਕ ; ਪਰ ਉੱਨ ਜੈਸੇ ਪਦਾਰਥ ਹੌਲੇ-ਹੌਲੇ, ਗੰਧਕ ਅਤੇ ਸ਼ੋਰਾ ਲੈਂਦੇ ਜਾਣਗੇ, ਉਦੋਂ ਤਕ ਜਦੋਂ ਅੰਤ ਕਾਲ ਉਹਨਾਂ ਮਜ਼ਦੂਰਾਂ ਨੂੰ ਜਿਨ੍ਹਾਂ ਅਨਾਜ ਖਾਧਾ ਤੇ ਸ਼ੋਰਾ ਦਿੱਤਾ ਕਿਸੇ ਸ਼ੁਗ਼ਲ ਵਾਲੇ ਦਿਨ ਪ੍ਰੀਤੀ ਭੋਜਨ ਲਈ ਕੁਝ ਸਿੱਕਾ ਪੇਸ਼ ਕਰਦਿਆਂ ਪਤਾ ਲੱਗੇਗਾ ਕਿ ਉਹਨਾਂ ਦੇ ਸਿੱਕੇ ਦੀ ਕੋਈ ਰਕਮ ਸ਼ੁਗ਼ਲ ਦਾ ਕੋਈ ਵੀ ਪਦਾਰਥ ਪ੍ਰਾਪਤ ਨਹੀਂ ਕਰ ਸਕਦੀ । ਅੱਗ ਦੇ ਹਵਾਈ ਗੋਲਿਆਂ ਦੀ ਪ੍ਰਾਪਤੀ ਅਸੀਮਤ ਹੈ ਪਰ ਖ਼ੁਰਾਕ ਦੀ ਬਿਲਕੁੱਲ ਆਖ਼ਰੀ ਤੌਰ 'ਤੇ ਸੀਮਤ ਤੇ ਸਮਾਜ ਦੇ ਹੱਥਾਂ ਵਿਚ ਸਾਰਾ ਸਿੱਕਾ ਬਾਰੂਦੀ ਧਮਾਕਿਆਂ ਦੀ ਬੇਅੰਤ ਸ਼ਕਤੀ ਦਾ ਹੀ ਸੂਚਕ ਹੈ ਪਰ ਜੀਵਨ ਦਾ ਉੱਕਾ ਹੀ ਨਹੀਂ ।

-o-



**ਬੇਆਸਰੇ ਅਪਾਹਿਜਾਂ ਤੇ ਰੋਗੀਆਂ ਦੇ ਇਲਾਜ ਤੇ ਸੇਵਾ ਸੰਭਾਲ ਦੇ ਕਾਰਜਾਂ ਦੁਆਰਾ ਦੇਸ਼ ਤੇ ਦੁਨੀਆਂ ਦੇ ਬੰਦਿਆਂ ਨੂੰ ਹੈਰਾਨ ਕਰ ਦੇਣ ਵਾਲੀ ਦੇਸ਼ ਦੀ ਆਪਣੀ ਕਿਸਮ ਦੀ ਇਕੋ ਇਕ ਸੰਸਥਾ ਪਿੰਗਲਵਾੜਾ ਦੀ ਪ੍ਰਫੁੱਲਤਾ, ਗੁਰਦੁਆਰਾ ਡੇਹਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਅੱਗੇ ਮਹੀਨਾ ਨਵੰਬਰ ਸੰਨ ੧੯੩੪ ਵਿਚ ਹੋਈ**

## ਸਿੱਖ ਅਰਦਾਸ ਦਾ ਫਲ

ਸ੍ਰੀਮਾਨ ਸੋਢੀ ਤੇਜਾ ਸਿੰਘ ਜੀ ਜਿਨ੍ਹਾਂ ਨੇ ਕਈ ਗ੍ਰੰਥਾਂ ਦੀ ਰਚਨਾ ਕੀਤੀ, ਦੀ ਕਿਰਿਆ ਦੇ ਅਵਸਰ 'ਤੇ ਭਗਤ ਪੂਰਨ ਸਿੰਘ ਨੇ ਦੱਸਿਆ ਕਿ ਜਿਸ ਲੂਲ੍ਹੇ ਬੱਚੇ ਤੋਂ ਪਿੰਗਲਵਾੜਾ ਆਰੰਭ ਹੋਇਆ ਉਸ ਨੂੰ ਸੰਨ ੧੯੩੪ ਵਿਚ ਆਈ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਲਵਾਰਸੀ ਦੀ ਹਾਲਤ ਵਿਚ ਗੁਰਦੁਆਰਾ ਡੇਹਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ (ਪਾਕਿਸਤਾਨ) ਦੇ ਬੂਹੇ ਅੱਗੇ ਤੜਕੇ ਦੇ ਹਨੇਰੇ ਵਿਚ ਛੱਡ ਦਿੱਤਾ ਗਿਆ ਸੀ । ਸੋਢੀ ਤੇਜਾ ਸਿੰਘ ਜੀ ਨੇ ਗੁਰਦੁਆਰੇ ਦੇ ਬਾਹਰ ਬੱਚੇ ਨੂੰ ਰੋਂਦਿਆਂ ਦੇਖ ਕੇ ਉਸ ਵੇਲੇ ਦੇ ਗੁਰਦੁਆਰੇ ਦੇ ਮੁੱਖ ਗ੍ਰੰਥੀ ਜਥੇਦਾਰ ਅੱਛਰ ਸਿੰਘ ਜੀ ਨੂੰ ਉਸ ਦੀ ਇਤਲਾਹ ਦਿੱਤੀ ਸੀ ਤੇ ਉਨ੍ਹਾਂ ਦੀ ਇਤਲਾਹ 'ਤੇ ਜਥੇਦਾਰ ਜੀ ਬੱਚੇ ਨੂੰ ਬਾਹਰੋਂ ਉਠਾ ਕੇ ਗੁਰਦਵਾਰੇ ਦੇ ਅੰਦਰ ਲੈ ਗਏ ਸਨ । ਜਥੇਦਾਰ ਸਾਹਿਬ ਨੇ ਬੱਚੇ ਨੂੰ ਪਛਾਣ ਲਿਆ ; ਕਿਉਂਕਿ ਇਕ ਦਿਨ ਪਹਿਲਾਂ ਲੁਧਿਆਣਾ ਜ਼ਿਲ੍ਹੇ ਦੇ ਦੋ ਬੰਦੇ ਉਸ ਨੂੰ ਲੈ ਕੇ ਜਥੇਦਾਰ ਸਾਹਿਬ ਅੱਗੇ ਪੇਸ਼ ਹੋਏ ਸਨ । ਉਨ੍ਹਾਂ ਨੇ ਜਥੇਦਾਰ ਸਾਹਿਬ ਨੂੰ ਦੱਸਿਆ ਸੀ ਕਿ ਇਸ ਬੱਚੇ ਦਾ ਪਿਤਾ ਸਾਡੇ ਜ਼ਿੰਮੀਦਾਰ ਘਰਾਣੇ ਦਾ ਸੀਰੀ ਸੀ ਪਰ ਪੰਜ ਮਹੀਨੇ ਹੋਏ ਇਸ ਦੀ ਮਾਂ ਮਰ ਗਈ । ਉਸ ਦੇ ਮਰਨ ਦੇ ਪਿੱਛੋਂ ਇਸ ਦਾ ਪਿਤਾ ਸੀਰੀ ਦਾ ਖੇਤੀ ਦਾ ਕੰਮ ਕਰਦਿਆਂ ਹੋਇਆਂ ਇਸ ਨੂੰ ਪੰਜ ਮਹੀਨੇ ਤੋਂ ਵੱਧ ਸਮਾਂ ਨਾ ਸੰਭਾਲ ਸਕਿਆ ਤੇ ਉਦੋਂ ਤੋਂ ਇਸ ਨੂੰ ਸਾਡੇ ਘਰ ਛੱਡ ਕੇ ਭੱਜ ਗਿਆ । ਅਸੀਂ ਇਕ ਮਹੀਨੇ ਤਕ ਉਸ ਦੀ ਉਡੀਕ ਕੀਤੀ ਤੇ ਇਸ ਨੂੰ ਸੰਭਾਲਦੇ ਰਹੇ ਪਰ ਉਸ ਤੋਂ ਅੱਗੇ ਇਸ ਨੂੰ ਸੰਭਾਲਣਾ ਸਾਡੇ ਲਈ ਅਸੰਭਵ ਸੀ । ਇਸ ਲਈ ਅਸੀਂ ਇਸ ਨੂੰ ਆਪਣੇ ਘਰੋਂ ਲੈ ਕੇ ਤੁਰ ਪਏ ਅਤੇ ਅੰਮ੍ਰਿਤਸਰ ਤੇ ਲਾਹੌਰ ਸ਼ਹਿਰਾਂ ਦੇ ਯਤੀਮਖ਼ਾਨਿਆਂ ਵਿਚ ਲੈ ਕੇ ਗਏ ਪਰ ਸਾਰੇ ਯਤੀਮਖ਼ਾਨਿਆਂ ਨੇ ਲੂਲ੍ਹਾ ਹੋਣ ਕਾਰਨ ਇਸ ਨੂੰ ਦਾਖ਼ਲ ਕਰਨ ਤੋਂ ਇਨਕਾਰ ਕਰ ਦਿੱਤਾ । ਯਤੀਮਖ਼ਾਨਿਆਂ ਤੋਂ ਨਾਂਹ ਹੋ ਜਾਣ 'ਤੇ ਜੇਕਰ ਕੋਈ ਥਾਂ ਇਸ ਦੀ ਸੰਭਾਲ ਲਈ ਸਾਨੂੰ ਦਿੱਸਦੀ ਹੈ ਤਾਂ ਉਹ ਕੇਵਲ ਗੁਰੂ ਘਰ ਹੈ ਜਿੱਥੇ ਅਸੀਂ ਉਸ ਨੂੰ ਲੈ ਕੇ ਆਏ ਹਾਂ । ਅਸੀਂ ਸਮਝਦੇ ਹਾਂ ਕਿ ਏਥੇ ਉਹ ਪੂਰੀ ਸੁਰੱਖਿਆ ਨਾਲ ਪਲ ਸਕੇਗਾ । ਜਥੇਦਾਰ ਸਾਹਿਬ ਨੇ ਅਰਦਾਸ ਕੀਤੀ ਕਿ ਹੇ ਵਾਹਿਗੁਰੂ, ਬੱਚਿਆਂ ਦੇ ਯਤੀਮਖ਼ਾਨਿਆਂ ਨੇ ਇਸ ਬੱਚੇ ਨੂੰ ਲੂਲ੍ਹਾ ਹੋਣ ਦੇ ਕਾਰਣ ਦਾਖ਼ਲ ਕਰਨ ਤੋਂ ਇਨਕਾਰ ਕੀਤਾ ਹੈ ਤੇ ਹੁਣ

ਤੂੰ ਸਾਨੂੰ ਸਮਰੱਥਾ ਦੇ ਕਿ ਅਸੀਂ ਇਸ ਦੀ ਪਾਲਣਾ ਦੇ ਇਮਿਤਹਾਨ ਵਿਚ ਸਫਲ ਹੋਈਏ। ਭਗਤ ਪੂਰਨ ਸਿੰਘ ਨੇ ਸੰਨ 1924 ਦੀ ਆਪਣੀ 20 ਸਾਲਾਂ ਦੀ ਉਮਰ ਵਿਚ ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ-ਛਾਇਆ ਹੇਠ ਆਪਣਾ ਜੀਵਨ ਪ੍ਰਾਣੀ-ਮਾਤਰ ਦੀ ਸੇਵਾ ਲਈ ਅਰਪਣ ਕਰ ਦਿੱਤਾ ਸੀ । ਭਗਤ ਜੀ ਨੇ ਉਸ ਬੱਚੇ ਨੂੰ ਉਸ ਵੇਲੇ ਆਪਣੀ ਸੰਭਾਲ ਵਿਚ ਲੈ ਲਿਆ ਸੀ ਤੇ 14 ਸਾਲਾਂ ਦਾ ਸਮਾਂ ਉਸ ਬੱਚੇ ਨੂੰ ਇਕੱਲੇ ਪਾਲਦੇ ਰਹੇ ; ਜਿਧਰ ਨੂੰ ਜਾਂਦੇ ਉਸ ਨੂੰ ਪਿੱਠ 'ਤੇ ਚੁੱਕ ਕੇ ਲਿਜਾਂਦੇ ਰਹੇ । ਸੰਨ 1947 ਦੀ ਦੇਸ਼ ਦੀ ਵੰਡ ਦੇ ਦਿਨਾਂ ਵਿਚ ਇਕ ਰਫ਼ਿਊਜੀ ਦੇ ਤੌਰ 'ਤੇ ਅੰਮ੍ਰਿਤਸਰ ਆਏ ਤੇ ਇੱਥੇ ਆ ਕੇ ਉਨ੍ਹਾਂ ਨੇ ਸੜਕਾਂ ਦੇ ਕੰਢਿਆਂ 'ਤੇ ਲੂਲ੍ਹੇ ਬੱਚਿਆਂ ਦੀ ਸੇਵਾ ਦਾ ਕਾਰਜ ਆਰੰਭ ਕੀਤਾ । ਹੁਣ ਭਗਤ ਜੀ ਦੀ ਉਮਰ 79 ਸਾਲ ਦੀ ਹੈ। ਆਪਣੀ 20 ਸਾਲਾਂ ਦੀ ਉਮਰ ਤੋਂ ਬੇਆਸਰੇ ਅਪਾਹਿਜਾਂ ਤੇ ਰੋਗੀਆਂ ਦੀ ਸੇਵਾ ਸੰਭਾਲ ਦੇ ਕਾਰਜਾਂ ਨੂੰ ਕਰਦੇ ਹੋਏ 58 ਸਾਲ ਦੇ ਸਮੇਂ ਵਿਚ ਇਸ ਕਾਰਜ ਨੂੰ *320 ਅਪਾਹਿਜਾਂ ਤੇ ਰੋਗੀਆਂ ਦੀ ਸੰਸਥਾ ਦੀ ਰਚਨਾ ਤਕ ਪਹੁੰਚਾ ਚੁੱਕੇ ਹਨ ਜਿਸ ਦਾ ਖ਼ਰਚ *ਤਿੰਨ ਲੱਖ ਰੁਪਿਆ ਮਹੀਨਾ ਹੈ । ਅੱਜ ਜੇਕਰ ਪਿੰਗਲਵਾੜਾ ਦੇਸ਼ ਵਿਚ ਬਣੀ ਆਪਣੀ ਕਿਸਮ ਦੀ ਇਕੋ ਇਕ ਸੰਸਥਾ ਦੇ ਤੌਰ 'ਤੇ ਨਿਖੇੜਵੀਂ ਸ਼ਾਨ ਦਿਖਾ ਰਿਹਾ ਹੈ ਤਾਂ ਇਹ ਉਸ ਅਰਦਾਸ ਦਾ ਫਲ ਹੈ, ਜੋ ਬੱਚੇ ਦੇ ਗੁਰਦੁਆਰੇ ਦੇ ਬੂਹੇ ਅੱਗੇ ਛੱਡੇ ਜਾਣ ਵਾਲੇ ਦਿਨ ਸੋਧੀ ਗਈ ਸੀ । ਭਗਤ ਜੀ ਆਪਣੇ ਪੰਦਰਾਂ ਮਿੰਟਾਂ ਦੇ ਵਿਆਖਿਆਨ ਵਿਚ ਰੋਂਦੇ ਰਹੇ । ਆਖ਼ਰ ਜਜ਼ਬਾਤ ਦੇ ਉਭਾਰ ਨਾਲ ਗਲਾ ਬੰਦ ਹੋ ਗਿਆ ਤੇ ਉਹ ਰੋਂਦੇ ਬੈਠ ਗਏ । ਬੱਚੇ ਦਾ ਗੁਰਦਵਾਰਾ ਡੇਹਰਾ ਸਾਹਿਬ ਦੇ ਬੂਹੇ ਅੱਗੇ ਛੱਡੇ ਜਾਣ ਦਾ ਦ੍ਰਿਸ਼ ਐਨਾ ਦਰਦਨਾਕ ਸੀ ਕਿ ਬੈਠਿਆਂ ਹੋਇਆਂ ਵੀ ਭਗਤ ਜੀ ਦੀਆਂ ਅੱਖਾਂ ਤੋਂ ਹੰਝੂਆਂ ਦੀ ਝੜੀ ਲੱਗੀ ਰਹੀ ਸੀ, ਰੋਣਾ ਥੰਮ੍ਹਦਾ ਨਹੀਂ ਸੀ। ਭਗਤ ਜੀ ਨੇ ਬਿਆਨ ਕੀਤਾ ਕਿ ਗੁਰਦਵਾਰੇ ਦਾ ਲੰਗਰ ਗਿਆਰਾਂ ਵਜੇ ਵਰਤਦਾ ਸੀ ਤੇ ਬੱਚਾ ਰੋਟੀ ਸਵੇਰ ਵੇਲੇ ਹੀ ਮੰਗਦਾ ਸੀ ; ਇਸ ਲਈ ਮੈਂ ਲਾਗਲੇ ਮੁਹੱਲੇ ਦੇ ਘਰਾਂ ਵਿਚੋਂ ਸਤਿਨਾਮ ਦੇ ਅਵਾਜ਼ੇ ਨਾਲ ਪ੍ਰਸ਼ਾਦੇ ਉਗਰਾਹ ਕੇ ਲਿਆਇਆ ਕਰਦਾ ਸਾਂ ਤੇ ਉਹਨਾਂ ਘਰਾਂ ਵਿਚੋਂ ਇਕ ਘਰ ਸੋਢੀ ਤੇਜਾ ਸਿੰਘ ਜੀ ਦਾ ਸੀ । ਉਹਨਾਂ ਦੀ ਪਤਨੀ ਭਾਗਾਂ ਵਾਲੀ ਇਸਤਰੀ ਹੈ ਜਿਸ ਦੇ ਹੱਥਾਂ ਨਾਲ ਪਿੰਗਲਵਾੜੇ ਦੇ ਲੰਗਰ ਦਾ ਆਰੰਭ ਹੋਇਆ । ਭਗਤ ਜੀ ਨੇ ਵਿਆਖਿਆਨ ਤੋਂ ਪਿਛੋਂ ਸੋਢੀ ਤੇਜਾ ਸਿੰਘ ਜੀ ਦੀ ਪਤਨੀ ਦੇ ਹੱਥਾਂ ਨੂੰ ਆਪਣੇ ਮੱਥੇ ਨਾਲ ਲਾ ਕੇ ਕਿਹਾ ਕਿ ਇਹਨਾਂ ਹੱਥਾਂ ਨੇ ਪਿੰਗਲਵਾੜੇ ਦੇ ਲੰਗਰ ਦੇ ਸਭ ਤੋਂ ਪਹਿਲਾਂ ਪ੍ਰਸ਼ਾਦੇ ਪਕਾਏ ਸਨ ।

****

ਨੋਟ: *ਸੰਨ 2014 ਵਿਚ ਪਿੰਗਲਵਾੜੇ ਦਾ ਰੋਜ਼ਾਨਾ ਖ਼ਰਚ ਚਾਰ ਲੱਖ ਰੁਪਏ ਹੈ ਅਤੇ ਰੋਗੀਆਂ ਦੀ ਗਿਣਤੀ 1710 ਦੇ ਕਰੀਬ ਹੈ ।



## ਬੇਆਸਰੇ ਅਪਾਹਿਜਾਂ ਤੇ ਰੋਗੀਆਂ ਦੀ ਸੇਵਾ-ਸੰਭਾਲ ਤੇ ਨਿਤਾਣੇ ਪ੍ਰਾਣੀਆਂ ਦੀ ਰੱਖਿਆ ਲਈ ਸਾਨੂੰ ਸਿੱਖ ਗੁਰਮਤਿ ਤੋਂ ਕੀ ਪ੍ਰੇਰਨਾ ਮਿਲਦੀ ਹੈ ?

ਸਿੱਖ ਗੁਰਦਵਾਰਿਆਂ ਨੂੰ ਨਿਥਾਵਿਆਂ ਦੀ ਥਾਂ ਤੇ ਨਿਤਾਣਿਆਂ ਦਾ ਤਾਣ ਕਿਹਾ ਗਿਆ ਹੈ । ਸਿੱਖ ਗੁਰਦਵਾਰਿਆਂ ਦੇ ਇਸ ਆਦਰਸ਼ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦ ਵਿਚ ਬਿਆਨ ਕੀਤਾ ਗਿਆ ਹੈ :—

ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ ॥
ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥ (ਅੰਗ ੧੩੬੭)

ਭਾਵ—ਕਬੀਰ ਸਾਹਿਬ ਕਹਿੰਦੇ ਹਨ ਕਿ ਪ੍ਰਮਾਤਮਾ ਦਾ ਦਰ ਹਰ ਲੋੜਵੰਦ ਫ਼ਰਿਆਦੀ ਵਾਸਤੇ ਸਦਾ ਖੁੱਲ੍ਹਾ ਹੈ । ਫ਼ਰਿਆਦੀ ਨੂੰ ਪ੍ਰਮਾਤਮਾ ਦੇ ਦਰ 'ਤੇ ਆਉਣ ਜਾਂ ਜਾਣ ਤੇ ਫ਼ਰਿਆਦ ਕਰਨ ਤੋਂ ਕੋਈ ਨਹੀਂ ਰੋਕ ਸਕਦਾ । ਇਸ ਲਈ ਮੈਂ ਪ੍ਰਮਾਤਮਾ ਦੇ ਐਸੇ ਦਰ ਨੂੰ ਕਿਵੇਂ ਛੱਡਾਂ ? ਇਕ ਵਾਰੀ ਹਿਸਾਰ ਦੇ ਲਾਗੇ ਦੇ ਕਿਸੇ ਪਿੰਡ ਦੇ ਇਕ ਬ੍ਰਾਹਮਣ ਨੇ ਸਰਦਾਰ ਜੱਸਾ ਸਿੰਘ ਪਾਸ ਫ਼ਰਿਆਦ ਕੀਤੀ ਕਿ ਹਿਸਾਰ ਦੇ ਇਲਾਕੇ ਦਾ ਹਾਕਮ ਗਵਰਨਰ ਉਸ ਦੀਆਂ ਦੋ ਜਵਾਨ ਧੀਆਂ ਨੂੰ ਉਸ ਪਾਸੋਂ ਖੋਹ ਕੇ ਲੈ ਗਿਆ ਹੈ। ਬ੍ਰਾਹਮਣ ਦੀ ਇਹ ਫ਼ਰਿਆਦ ਸੁਣ ਕੇ ਸਰਦਾਰ ਜੀ ਦੇ ਹਿਰਦੇ 'ਤੇ ਅਸਹਿ ਸੱਟ ਵੱਜੀ ਤੇ ਉਸ ਨੇ ਆਪਣੇ ਤੜਪ ਰਹੇ ਹਿਰਦੇ ਨਾਲ ਕੁੜੀਆਂ ਨੂੰ ਛੁਡਾਉਣ ਲਈ ਤੁਰੰਤ ਕਾਰਵਾਈ ਕਰਨ ਦਾ ਫੈਸਲਾ ਕਰ ਕੇ ਗਵਰਨਰ ਦੀਆਂ ਫੌਜਾਂ 'ਤੇ ਧਾਵਾ ਬੋਲ ਦਿੱਤਾ । ਸ਼ਸਤਰਾਂ ਦੀ ਲੜਾਈ ਨਾਲ ਸਿੰਘਾਂ ਦੀਆਂ ਸ਼ਹੀਦੀਆਂ ਪੁਆ ਕੇ ਸਰਦਾਰ ਜੱਸਾ ਸਿੰਘ ਨੇ ਗ਼ਰੀਬ ਬ੍ਰਾਹਮਣ ਦੀਆਂ ਧੀਆਂ ਨੂੰ ਛੁਡਾਇਆ ਤੇ ਬ੍ਰਾਹਮਣ ਦੇ ਹਵਾਲੇ ਕਰਕੇ ਉਸ ਨੂੰ ਕਿਹਾ ਕਿ ਉਹ ਇਕ ਮੁਸਲਮਾਨ ਦੇ ਘਰ ਰਹੀਆਂ ਹੋਣ ਕਰਕੇ ਆਪਣੀਆਂ ਧੀਆਂ ਨੂੰ ਅਪਵਿੱਤਰ ਹੋ ਗਈਆਂ ਨਾ ਗਿਣੇ ਬਲਕਿ ਉਨ੍ਹਾਂ ਨੂੰ ਪਹਿਲਾਂ ਵਾਂਗ ਹੀ ਪੂਰੇ ਸਤਿਕਾਰ ਦਾ ਪਾਤਰ ਗਿਣੇ । ਇਸ ਉਦਾਹਰਣ ਤੋਂ ਸ੍ਰ: ਜੱਸਾ ਸਿੰਘ ਦੇ ਉੱਚੇ ਆਚਰਣ ਉੱਤੇ ਕਾਫ਼ੀ ਚਾਨਣ ਪੈਂਦਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਬੰਦੇ ਦਾ ਜੋ ਕਰਤੱਵ ਅਨਾਥਾਂ ਤੇ ਨਿਤਾਣੇ ਪ੍ਰਾਣੀਆਂ ਲਈ ਨਿਯਤ ਕਰਦੀ ਹੈ, ਉਸ ਕਰਤੱਵ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦ 'ਚ ਬਿਆਨ ਕੀਤਾ ਗਿਆ ਹੈ:

ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥ (ਅੰਗ ੨੭੩)

ਜਿਹੜਾ ਬੰਦਾ ਰੱਬ ਦੀ ਭਗਤੀ ਕਰਨੀ ਚਾਹੇ ਉਸ ਨੂੰ ਸੰਸਾਰ ਦੇ ਜੀਵਾਂ ਦੀ

ਰੱਖਿਆ ਤੇ ਪਾਲਣਾ ਦਾ ਕਿੰਨਾ ਫ਼ਿਕਰ ਕਰਨ ਦੀ ਲੋੜ ਹੁੰਦੀ ਹੈ ? ਇਸ ਪ੍ਰਸ਼ਨ ਦਾ ਉੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦ ਵਿਚ ਦਿੱਤਾ ਗਿਆ ਹੈ:—

**ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ॥(ਅੰ:੫੩੨)**

ਅਰਥਾਤ—ਹਰਿ ਜਨ (ਰੱਬ ਦੇ ਭਗਤ) ਦਾ ਜਨਮ ਸਫਲ ਹੈ ਜਿਸ ਨੇ ਜਨਮ ਲੈ ਕੇ ਰੱਬ ਨੂੰ ਔਂਤਰਾ ਹੋਣ ਤੋਂ ਬਚਾ ਲਿਆ ਹੈ । ਰੱਬ ਪਾਸ ਜਿੰਨੀਆਂ ਫ਼ਰਿਆਦਾਂ ਸ੍ਰਿਸ਼ਟੀ ਦੇ ਦੁਖੀ ਜੀਵਾਂ ਦੀਆਂ ਜਾਂਦੀਆਂ ਹੁੰਦੀਆਂ ਹਨ, ਉਨ੍ਹਾਂ ਫ਼ਰਿਆਦਾਂ ਅਨੁਸਾਰ ਲੋੜੀਂਦੇ ਕਾਰਜ ਲਈ ਰੱਬ ਨੇ ਆਪ ਤਾਂ ਬੰਦੇ ਦਾ ਰੂਪ ਧਾਰ ਕੇ ਕੋਈ ਕੰਮ ਨਹੀਂ ਕਰਨਾ ਹੁੰਦਾ । ਉਨ੍ਹਾਂ ਫ਼ਰਿਆਦਾਂ ਦੇ ਸੰਬੰਧ ਵਿਚ ਜੋ ਕਾਰਜ ਵੀ ਹੋਣੇ ਹੁੰਦੇ ਹਨ ਉਹ ਸਾਰੇ ਕਾਰਜ ਰੱਬ ਦੇ ਭਗਤਾਂ ਨੇ ਹੀ ਕਰਨੇ ਹੁੰਦੇ ਹਨ । ਇਸ ਲਈ ਰੱਬ ਦੇ ਭਗਤ (ਹਰਿਜਨ) ਜੇ ਪੈਦਾ ਨਾ ਹੋਣ ਤਾਂ ਸਾਰੀਆਂ ਫ਼ਰਿਆਦਾਂ ਅਣਸੁਣੀਆਂ ਰਹਿ ਜਾਣ । ਹਰਿਜਨ ਦੇ ਅਰਥ ਭਗਤ ਤੇ ਸੰਤ ਸਿਪਾਹੀ ਵੀ ਹੋ ਸਕਦੇ ਹਨ । ਪ੍ਰਸਿੱਧ ਕਵੀ ਭਾਈ ਨੰਦ ਲਾਲ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਪਮਾ ਵਿਚ ਹੇਠ ਲਿਖਿਆ ਸ਼ਬਦ ਰਚਿਆ ਸੀ :—

ਕਾਦਰੇ ਹਰ ਕਾਰ ਗੁਰੂ ਗੋਬਿੰਦ ਸਿੰਘ ।

ਬੇ ਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ ।

ਅਰਥਾਤ—ਸੀ ਗੁਰੂ ਗੋਬਿੰਦ ਸਿੰਘ ਜੀ ਦੁਨੀਆਂ ਦੀ ਹਰ ਚਿੰਤਾਜਨਕ ਸਮੱਸਿਆ ਨੂੰ ਹੱਲ ਕਰਨ ਦੀ ਯੋਗਤਾ ਤੇ ਸਮਰੱਥਾ ਰੱਖਦੇ ਹਨ ਅਤੇ ਉਹ ਉਹਨਾਂ ਪ੍ਰਾਣੀਆਂ ਦੀ ਸਹਾਇਤਾ ਕਰਦੇ ਹਨ ਜੋ ਆਪਣੀ ਰੱਖਿਆ ਤੇ ਸੰਭਾਲ ਆਪ ਕਰਨ ਜੋਗੇ ਨਹੀਂ ਹੁੰਦੇ ।

ਆਪਣੀ ਮਾਂ ਦਾ ਮੈਂ ਇਕੱਲਾ ਬੱਚਾ ਸਾਂ । ਮੇਰੇ ਜਨਮ ਤੋਂ ਲੈ ਕੇ ਮੇਰੀ ਮਾਂ ਸਦਾ ਇਸ ਫ਼ਿਕਰ ਵਿਚ ਰਹੀ ਕਿ ਉਹ ਪ੍ਰਾਣੀ-ਮਾਤਰ ਦੇ ਭਲੇ ਦਾ ਕਿਹੜਾ ਕਿਹੜਾ ਕੰਮ ਕਰੇ ਜਿਨ੍ਹਾਂ ਨੂੰ ਕਰਦੀ ਹੋਈ ਉਹ ਵਾਹਿਗੁਰੂ ਦੀ ਵੱਧ ਤੋਂ ਵੱਧ ਪ੍ਰਸੰਨਤਾ ਪ੍ਰਾਪਤ ਕਰ ਸਕੇ ਤੇ ਮੈਨੂੰ ਕਿਹੜੇ ਕਿਹੜੇ ਕੰਮਾਂ ਨੂੰ ਕਰਨ ਦੀ ਆਦਤ ਪਾਵੇ ਜਿਨ੍ਹਾਂ ਨੂੰ ਕਰਦਾ ਹੋਇਆ ਮੈਂ ਰੱਬ ਦੀ ਵੱਧ ਤੋਂ ਵੱਧ ਪ੍ਰਸੰਨਤਾ ਪ੍ਰਾਪਤ ਕਰ ਸਕਦਾ ਤੇ ਸੰਸਾਰ ਦੇ ਜੀਵਾਂ ਦਾ ਵੱਧ ਤੋਂ ਵੱਧ ਭਲਾ ਕਰਨ ਵਾਲੇ ਕਿਸ ਕਿਸ ਮਹਾਂਪੁਰਸ਼ ਦੇ ਜੀਵਨ ਦੀਆਂ ਕਹਾਣੀਆਂ ਨੂੰ ਮੇਰੇ ਮਨ ਵਿਚ ਵਸਾਏ ਜਿਨ੍ਹਾਂ ਕਹਾਣੀਆਂ ਦੇ ਸੰਸਕਾਰਾਂ ਨਾਲ ਪਲਿਆ ਹੋਇਆ ਮੈਂ ਆਪਣੇ ਜੀਵਨ ਦਾ ਵੱਧ ਤੋਂ ਵੱਧ ਵਿਕਾਸ ਕਰਨ ਵਾਲੇ ਮਾਰਗ 'ਤੇ ਤੁਰਨ ਵਾਲਾ ਬਣ ਸਕਦਾ । ਸੰਸਾਰ ਦੇ ਜੀਵਾਂ ਦੇ ਭਲੇ ਦੇ ਕੰਮਾਂ ਨੂੰ ਕਰਨ ਦਾ ਅਭਿਆਸ ਬਚਪਨ ਦੇ ਸਮੇਂ ਤੋਂ ਕਰਦੇ ਰਹਿਣ ਤੇ ਸੰਸਾਰ ਦੇ ਪ੍ਰਾਣੀਆਂ ਦਾ ਵੱਧ ਤੋਂ ਵੱਧ ਭਲਾ ਕਰਨ ਵਾਲੇ ਮਹਾਂਪੁਰਸ਼ਾਂ ਦੀਆਂ ਕਹਾਣੀਆਂ



ਆਪਣੇ ਮਨ ਵਿਚ ਬਚਪਨ ਦੇ ਸਮੇਂ ਵਿਚ ਵਸਾਉਣ ਵਾਲੇ ਨੇ ਮੈਂ ਹੋਸ਼ ਸੰਭਾਲਦਿਆਂ ਹੀ ਆਪਣੇ ਲਈ ਅਜਿਹਾ ਕਾਰਜ ਖੇਤਰ ਲੱਭਣਾ ਹੀ ਸੀ ਜਿਸ ਰਾਹੀਂ ਮੇਰੇ ਜੀਵਨ ਦਾ ਵੱਧ ਤੋਂ ਵੱਧ ਵਿਕਾਸ ਹੋ ਸਕਦਾ ਅਤੇ ਮੈਂ ਸੰਸਾਰ ਦੇ ਜੀਵਾਂ ਦਾ ਵੱਧ ਤੋਂ ਵੱਧ ਭਲਾ ਕਰਨ ਦੇ ਰਾਹ 'ਤੇ ਤੁਰ ਸਕਦਾ । ਆਪਣੀ ਵੀਹਾਂ ਸਾਲਾਂ ਦੀ ਉਮਰ ਵਿਚ ਮੈਨੂੰ ਦਸਵੀਂ ਜਮਾਤ ਦਾ ਇਮਤਿਹਾਨ ਦੇਂਦੇ ਸਾਰ ਹੀ ਆਪਣੀ ਸਕੂਲ ਦੀ ਪੜ੍ਹਾਈ ਸਮਾਪਤ ਕਰਨੀ ਪਈ। ਦਸਵੀਂ ਦਾ ਇਮਤਿਹਾਨ ਦੇਂਦੇ ਸਾਰ ਹੀ ਮੈਨੂੰ ਇਕ ਗੁਰਸਿੱਖ ਭਾਈ ਹਰਨਾਮ ਸਿੰਘ ਆਟੇ ਵਾਲੇ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੇ ਮਹਾਨ ਅਸਥਾਨ ਗੁਰਦਵਾਰਾ ਡੇਹਰਾ ਸਾਹਿਬ ਦੀ ਸੇਵਾ ਕਰਨ ਦਾ ਉਪਦੇਸ਼ ਦਿੱਤਾ । ਉਸ ਨੇ ਮੈਨੂੰ ਕਿਹਾ ਕਿ ਜਿਸ ਕਿਸੇ ਨੇ ਵੀ ਦੁਨੀਆਂ ਵਿਚ ਕੁਝ ਲੱਭਿਆ ਹੈ ਉਹ ਗੁਰੂ ਘਰ ਦੀ ਸੇਵਾ ਵਿਚੋਂ ਹੀ ਲੱਭਿਆ ਹੈ । ਗੁਰਦਵਾਰਾ ਡੇਹਰਾ ਸਾਹਿਬ 1947 ਦੀ ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਸਾਂਝੇ ਪੰਜਾਬ ਦੀ ਰਾਜਧਾਨੀ ਦੇ ਸ਼ਹਿਰ ਲਾਹੌਰ ਦਾ ਗੁਰਦਵਾਰਾ ਸੀ, ਜਿਸ ਵਿਚ 'ਆਸਾ ਦੀ ਵਾਰ' ਦਾ ਸਵੇਰ ਦਾ ਦੀਵਾਨ ਤੇ 'ਰਹਿਰਾਸ' ਦਾ ਦੀਵਾਨ ਲੱਗਦੇ ਸਨ । ਗੁਰੂ ਕਾ ਲੰਗਰ ਦੋਨੋਂ ਵੇਲੇ ਚਲਦਾ ਸੀ । ਮੁਸਾਫ਼ਿਰਾਂ ਲਈ ਮੁਸਾਫ਼ਿਰਖ਼ਾਨਾ ਸੀ । ਸੰਨ 1934 ਵਿਚ ਜਦੋਂ ਮੈਂ ਵੀਹ ਸਾਲਾਂ ਦੀ ਉਮਰ ਦਾ ਸਾਂ ਤਾਂ ਉਸ ਗੁਰਦਵਾਰੇ ਅੱਗੇ ਇਕ ਬੱਚਾ ਲਵਾਰਸੀ ਦੀ ਹਾਲਤ ਵਿਚ ਛੱਡ ਦਿੱਤਾ ਗਿਆ ਸੀ ਜਿਸ ਦੀ ਉਮਰ ਚਾਰ ਕੁ ਸਾਲ ਦੀ ਸੀ। ਉਸ ਬੱਚੇ ਨੂੰ ਬੱਚਿਆਂ ਦੇ ਕਿਸੇ ਵੀ ਯਤੀਮਖ਼ਾਨੇ ਨੇ ਲੂਲ੍ਹਾ ਹੋਣ ਦੇ ਕਾਰਨ ਦਾਖ਼ਲ ਨਹੀਂ ਕੀਤਾ ਸੀ । ਉਸ ਨੂੰ ਜਿਸ ਨੇ ਸਾਂਭਣਾ ਸੀ ਉਸ ਨੇ ਰੱਬ ਦੇ ਨਾਉਂ 'ਤੇ ਸਾਂਭਣਾ ਸੀ । ਗੁਰਦਵਾਰੇ ਵੱਲੋਂ ਉਸ ਦੇ ਦੁੱਧ ਦਾ ਖ਼ਰਚ ਤਾਂ ਪ੍ਰਵਾਨ ਹੋ ਗਿਆ ਸੀ ਪਰ ਉਸ ਦੀ ਸੰਭਾਲ ਲਈ ਪੂਰਾ ਪ੍ਰਬੰਧ ਨਹੀਂ ਹੋ ਸਕਿਆ ਸੀ । ਮੈਂ ਆਪਣੀ ਮਾਂ ਪਾਸੋਂ ਅਣਵੰਡਿਆ ਪਿਆਰ ਲਿਆ ਸੀ । ਅਣਵੰਡੇ ਪਿਆਰ ਨਾਲ ਪਲੇ ਹੋਏ ਨੂੰ ਮੈਨੂੰ ਉਹ ਲੂਲ੍ਹਾ ਬੱਚਾ ਸੰਭਾਲਣਾ ਪਿਆ ; ਕਿਉਂਕਿ ਮੇਰੇ ਹਿਰਦੇ 'ਤੇ ਆਪਣੇ ਬਚਪਨ ਵਿਚ ਚੜ੍ਹੇ ਹੋਏ ਮਾਂ-ਬਾਪ ਦੇ ਕਰਜ਼ੇ ਨੇ ਮੈਨੂੰ ਆਪਣੀ ਸੰਭਾਲ ਵਿਚ ਲੈਣ ਲਈ ਪ੍ਰੇਰਿਆ ਅਤੇ ਮੈਂ ਉਸ ਨੂੰ ਆਪਣੀ ਸੰਭਾਲ ਵਿਚ ਲੈ ਲਿਆ । ਉਸ ਨੂੰ ਮੈਂ ਪਿਛਲੇ 58 ਸਾਲਾਂ ਤੋਂ ਲੰਘ ਰਹੇ ਸਾਲ 1992 ਤਕ ਸਾਂਭਦਾ ਰਿਹਾ ਹਾਂ। *ਤੀਹ ਹਜ਼ਾਰ ਰੁਪਏ ਰੋਜ਼ ਦੇ ਖ਼ਰਚ ਨਾਲ ਸਾਢੇ ਤਿੰਨ ਸੌ ਤੋਂ ਵੱਧ ਅਪਾਹਿਜਾਂ ਅਤੇ ਰੋਗੀਆਂ ਨੂੰ ਸਾਂਭਣ ਵਾਲੀ ਸੰਸਥਾ ਉਸੇ ਬੱਚੇ ਤੋਂ ਹੋਂਦ ਵਿਚ ਆਈ ਹੈ ।

-o-

*ਸੰਨ 2014 ਵਿਚ ਪਿੰਗਲਵਾੜਾ ਸੰਸਥਾ ਦਾ ਰੋਜ਼ਾਨਾ ਖ਼ਰਚ ੪ ਲੱਖ ਰੁਪਏ ਹੈ ਅਤੇ ਰੋਗੀਆਂ ਦੀ ਗਿਣਤੀ 1710 ਦੇ ਕਰੀਬ ਹੈ ।

## ਜੁੱਗੋ ਜੁੱਗ ਅਟੱਲ ਸ੍ਰੀ ਦਰਬਾਰ ਸਾਹਿਬ
## ਸ੍ਰੀ ਅੰਮ੍ਰਿਤਸਰ ਦੇ ਦਰਸ਼ਨਾਂ ਨੂੰ ਛੇਤੀ ਛੇਤੀ ਆਇਆ ਕਰੋ

ਨਵੀਂ ਮਸ਼ੀਨੀ ਸਭਿਅਤਾ ਨੇ ਅਨੇਕਾਂ ਖ਼ਤਰੇ ਮਨੁੱਖ ਜਾਤੀ ਲਈ ਪੈਦਾ ਕਰ ਦਿੱਤੇ ਹਨ ਅਤੇ ਨਵੇਂ ਖ਼ਤਰੇ ਪੈਦਾ ਹੋ ਰਹੇ ਹਨ । ਦੁਨੀਆਂ ਦੇ ਬੰਦਿਆਂ ਨੂੰ ਅਨੇਕ ਖ਼ਤਰਿਆਂ ਦਾ ਪਤਾ ਕਰਨ ਤੇ ਉਹਨਾਂ ਖ਼ਤਰਿਆਂ ਤੋਂ ਬਚਣ ਦਾ ਗਿਆਨ ਪ੍ਰਾਪਤ ਕਰਨ ਲਈ ਅਜਿਹੇ ਕੇਂਦਰੀ ਤੀਰਥ ਅਸਥਾਨ 'ਤੇ ਜਾਣ ਦੀ ਲੋੜ ਹੁੰਦੀ ਹੈ ਜਿਸ ਦਾ ਇਤਿਹਾਸ ਸੂਰਜ-ਚੰਦ ਵਾਂਗ ਚਮਕ ਰਿਹਾ ਹੋਵੇ । ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੁਨੀਆਂ ਦੇ ਅਜਿਹੇ ਉਂਗਲੀਆਂ 'ਤੇ ਗਿਣੇ ਜਾਣ ਵਾਲੇ ਤੀਰਥ ਸਥਾਨਾਂ 'ਚੋਂ ਇਕ ਹੈ । ਹਰ ਗੁਰਸਿੱਖ ਨੂੰ ਇਸ ਮਹਾਨ ਤੀਰਥ ਦੀ ਯਾਤਰਾ ਸਾਲ ਵਿਚ ਘੱਟੋ-ਘੱਟੋ ਇਕ ਵਾਰ ਜ਼ਰੂਰੀ ਕਰਨੀ ਚਾਹੀਦੀ ਹੈ । ਗੁਰਬਾਣੀ ਦੇ ਨਿੱਤਨੇਮ ਦਾ ਪਾਠ ਕਰਨ ਵਾਲਾ ਹਰ ਸਿੱਖ ਦਿਨ ਵਿਚ ਘੱਟੋ-ਘੱਟੋ ਦੋ ਵਾਰੀ ਅਰਦਾਸ ਕਰਦਾ ਹੈ ਤੇ ਅਰਦਾਸ ਵਿਚ ਹੇਠ ਲਿਖੇ ਸ਼ਬਦਾਂ ਨੂੰ ਪੜ੍ਹਦਾ ਹੈ—"ਦਾਨਾਂ ਸਿਰ ਦਾਨ ਨਾਮ ਦਾਨ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ।" ਇਹ ਸ਼ਬਦ ਅਰਦਾਸ ਕਰਨ ਵਾਲੇ ਸਿੱਖ ਦੇ ਹਿਰਦੇ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਦੀ ਤਾਂਘ ਪੈਦਾ ਕਰਦੇ ਰਹਿੰਦੇ ਹਨ । ਜਦ ਤਕ ਉਹ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਨਾ ਕਰ ਲਵੇ ਉਦੋਂ ਤਕ ਉਹ ਆਪਣੇ ਜੀਵਨ ਵਿਚ ਬਹੁਤ ਵੱਡੀ ਰੂਹਾਨੀ ਘਾਟ ਸਮਝੇ ਤੇ ਜਿੰਨੀ ਵਾਰੀ ਦਰਸ਼ਨ ਕਰ ਸਕੇ ਥੋੜ੍ਹਾ ਸਮਝੇ —ਤੇ ਛੇਤੀ ਛੇਤੀ ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਨੂੰ ਆਉਂਦਾ ਰਹੇ । ਇਸ ਲੇਖ ਵਿਚ ਮੈਂ ਮਸ਼ੀਨੀ ਸਭਿਅਤਾ ਦੇ ਨਵੇਂ ਯੁੱਗ ਵਿਚ ਪੈਦਾ ਹੋਏ ਕੁਝ ਖ਼ਤਰਿਆਂ 'ਤੇ ਚਾਨਣਾ ਪਾਇਆ ਹੈ ; ਪਰ ਖ਼ਤਰਿਆਂ ਦਾ ਅੰਤ ਹੀ ਕੋਈ ਨਹੀਂ । ਹਜ਼ਾਰਾਂ ਖ਼ਤਰੇ ਪੈਦਾ ਹੋ ਚੁੱਕੇ ਹਨ ਤੇ ਅਨੇਕਾਂ ਹੋਰ ਖ਼ਤਰੇ ਪੈਦਾ ਹੋ ਰਹੇ ਹਨ ਤੇ ਦੁਨੀਆਂ ਦੇ ਬੰਦੇ ਉਨ੍ਹਾਂ ਖ਼ਤਰਿਆਂ ਤੋਂ ਭਾਰੇ ਕਸ਼ਟ ਭੋਗ ਰਹੇ ਹਨ, ਬਿਨ ਆਈਆਂ ਮੌਤਾਂ ਮਰ ਰਹੇ ਹਨ । ਪਿੰਗਲਵਾੜੇ ਦੇ ਇਸ਼ਤਿਹਾਰਾਂ ਦੁਆਰਾ ਦੇਸ਼ ਤੇ ਦੁਨੀਆਂ ਦੇ ਬੰਦਿਆਂ ਨੂੰ ਅਨੇਕਾਂ ਖ਼ਤਰਿਆਂ ਤੋਂ ਜਾਣੂ ਕਰਾਇਆ ਜਾ ਰਿਹਾ ਹੈ ਜਿਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਵਲਗਣ ਅੰਦਰ ਪਿੰਗਲਵਾੜੇ ਦੇ ਸੇਵਾਦਾਰ ਘੰਟਾ ਘਰ ਦੀ ਡਿਓਢੀ ਤੇ ਮੰਜੀ ਸਾਹਿਬ ਦੇ ਲਾਗੇ ਖੜ੍ਹੇ ਹੋ ਕੇ ਵੰਡਦੇ ਰਹਿੰਦੇ ਹਨ ਤੇ ਦੋਹਾਂ ਥਾਵਾਂ 'ਤੇ ਸਾਡੇ ਪ੍ਰਚਾਰ ਅੱਡੇ ਬਣੇ ਹੋਏ ਹਨ। —ਭਗਤ ਪੂਰਨ ਸਿੰਘ

ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਛੇਤੀ ਛੇਤੀ ਆਇਆ ਕਰੋ । ਅਜਿਹੇ ਬੰਦੇ ਭਾਗਾਂ ਵਾਲੇ ਹੁੰਦੇ ਹਨ ਜਿਹੜੇ ਦਿੱਲੀ ਜੈਸੇ ਸ਼ਹਿਰਾਂ ਤੋਂ ਹਰ ਮਹੀਨੇ ਇਸ ਮਹਾਨ ਅਸਥਾਨ ਦੇ ਦਰਸ਼ਨਾਂ ਨੂੰ ਆਉਂਦੇ ਹਨ । ਵਰਤਮਾਨ ਕਾਲ ਵਿਚ ਅਜਿਹਾ ਹੀ ਹੋਣਾ ਚਾਹੀਦਾ ਹੈ ਕਿਉਂਕਿ ਦੇਸ਼ ਤੇ ਸੰਸਾਰ ਦੇ ਹਾਲਾਤ ਬਹੁਤ ਚਿੰਤਾਜਨਕ ਹੋ



ਚੁੱਕੇ ਹਨ ਤੇ ਦਿਨ-ਪ੍ਰਤੀ-ਦਿਨ ਹਾਲਾਤ ਦਾ ਵਿਗਾੜ ਵਧਦਾ ਜਾ ਰਿਹਾ ਹੈ । ਇਹ ਮਹਾਨ ਅਸਥਾਨ ਆਪਣੇ ਇਤਿਹਾਸ ਨਾਲ ਸਿੱਖ ਪੰਥ ਦਾ ਕੇਂਦਰੀ ਤੀਰਥ ਅਸਥਾਨ ਬਣਿਆ ਹੋਇਆ ਹੈ । ਮਨੁੱਖ ਜਾਤੀ ਉਸੇ ਸੂਰਤ ਵਿਚ ਅਨੇਕ ਪ੍ਰਕਾਰ ਦੇ ਸੰਕਟਾਂ ਤੇ ਖ਼ਤਰਿਆਂ ਤੋਂ ਬਚ ਸਕਦੀ ਹੈ ਜੇਕਰ ਸੰਸਾਰ ਦਾ ਇਕੱਲਾ ਇਕੱਲਾ ਬੰਦਾ ਦੇਸ਼ ਤੇ ਸੰਸਾਰ ਦੇ ਹਾਲਾਤ ਦੀ ਸੁਚੱਜੀ ਯੋਜਨਾ ਬਾਰੇ ਹਰ ਸਾਲ ਖ਼ਬਰਦਾਰ ਰਹੇ । ਜਿਸ ਹਿਸਾਬ ਨਾਲ ਦੇਸ਼ ਤੇ ਦੁਨੀਆਂ ਵਿਚ ਅਣਗਿਣਤ ਚਿੰਤਾਜਨਕ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ ਅਤੇ ਪੈਦਾ ਹੋ ਚੁੱਕੀਆਂ ਸਮੱਸਿਆਵਾਂ ਦੀ ਗੰਭੀਰਤਾ ਵਿਚ ਪ੍ਰਤੀ-ਦਿਨ ਵਾਧਾ ਹੁੰਦਾ ਜਾ ਰਿਹਾ ਹੈ ਉਸ ਹਿਸਾਬ ਨਾਲ ਤਾਂ ਇਸ ਮਹਾਨ ਅਸਥਾਨ ਦੇ ਦਰਸ਼ਨਾਂ ਨੂੰ ਆਉਣ ਲਈ ਸਮੇਂ ਦੀ ਇਕ ਮਹੀਨੇ ਦੀ ਵਿੱਥ ਵੀ ਵਧੇਰੇ ਜਾਪਦੀ ਹੈ, ਪਰ ਇਹ ਵਿੱਥ ਸੰਤੋਖਜਨਕ ਜ਼ਰੂਰ ਹੈ । ਸੰਸਾਰ ਦੇ ਜੀਵਾਂ ਦੀ ਪਾਲਣਾ ਕਰਨ ਵਾਲੇ ਮੂਲ ਸਾਧਨ ਤਿੰਨ ਹਨ—ਧਰਤੀ, ਪਾਣੀ ਤੇ ਹਵਾ । ਸ੍ਰਿਸ਼ਟੀ ਦੀ ਰਚਨਾ ਦੇ ਸਮੇਂ ਤੋਂ ਸਾਧਨ ਨਵੇਂ ਨਰੋਏ ਚਲੇ ਆ ਰਹੇ ਹਨ । ਮਸ਼ੀਨੀ ਸਭਿਅਤਾ ਦੀ ਉਮਰ ਢਾਈ ਸੌ ਸਾਲ ਹੈ । ਇਸ ਸਭਿਅਤਾ ਨੇ ਐਨੇ ਥੋੜ੍ਹੇ ਜਿੰਨੇ ਸਮੇਂ ਵਿਚ ਹੀ ਤਿੰਨ ਵੱਡੇ ਸਾਧਨਾਂ ਨੂੰ ਇਸ ਹੱਦ ਤਕ ਬਰਬਾਦ ਕਰ ਦਿੱਤਾ ਹੈ ਅਤੇ ਕਰਦੀ ਆ ਰਹੀ ਹਾਂ ਕਿ ਉਸ ਬਰਬਾਦੀ ਤੋਂ ਮਨੁੱਖ ਜਾਤੀ ਲਈ ਭਾਰੇ ਸੰਕਟ ਖੜ੍ਹੇ ਹੋ ਗਏ ਹਨ ਅਤੇ ਜੇ ਇਨ੍ਹਾਂ ਸਾਧਨਾਂ ਦੀ ਬਰਬਾਦੀ ਇਸੇ ਹਿਸਾਬ ਨਾਲ ਵਧਦੀ ਗਈ, ਤਾਂ ਦੋ ਕੁ ਸਾਲਾਂ ਤਕ ਉਹ ਸਮਾਂ ਆ ਸਕਦਾ ਹੈ ਜਦ ਪ੍ਰਾਣੀ-ਮਾਤਰ ਦੀ ਹੋਂਦ ਹੀ ਸਮਾਪਤ ਹੋਣ ਦੇ ਕੰਢੇ 'ਤੇ ਆ ਜਾਵੇ । ਮਸ਼ੀਨੀ ਸਭਿਅਤਾ ਤੋਂ ਪੈਦਾ ਹੋਣ ਵਾਲੀਆਂ ਬਰਬਾਦੀਆਂ ਦੀ ਇਕ ਮਿਸਾਲ ਇਹ ਹੈ ਕਿ ਜਿਸ ਹਿਸਾਬ ਨਾਲ ਭਾਰਤ ਵਿਚ ਰੁੱਖ ਵੱਢੇ ਜਾ ਰਹੇ ਹਨ ਉਸ ਹਿਸਾਬ ਨਾਲ ਸੌ ਸਾਲ ਦੇ ਸਮੇਂ ਤਕ ਭਾਰਤ ਦੀ ਸਾਰੀ ਧਰਤੀ ਰੇਤ ਦਾ ਮਾਰੂਥਲ ਬਣ ਜਾਵੇਗੀ । ਉਨ੍ਹਾਂ ਸਾਰੀਆਂ ਬਰਬਾਦੀਆਂ ਨੂੰ ਪੈਦਾ ਕਰਨ ਵਾਲੇ ਸਾਰੇ ਕਾਰਨਾਂ ਦਾ ਪਤਾ ਦੁਨੀਆਂ ਦੇ ਹਰ ਬੰਦੇ ਨੂੰ ਲੱਗ ਜਾਣਾ ਚਾਹੀਦਾ ਹੈ, ਤਾਂ ਕਿ ਹਰ ਬੰਦਾ ਉਨ੍ਹਾਂ ਕ੍ਰਿਆਵਾਂ ਨੂੰ ਕਰਨ ਅਤੇ ਉਨ੍ਹਾਂ ਵਸਤਾਂ ਨੂੰ ਵਰਤਣ ਤੋਂ ਰੁਕ ਜਾਵੇ ਜਿਨ੍ਹਾਂ ਕ੍ਰਿਆਵਾਂ ਨੂੰ ਕਰਨ ਅਤੇ ਜਿਨ੍ਹਾਂ ਵਸਤਾਂ ਨੂੰ ਵਰਤਣ ਨਾਲ ਧਰਤੀ, ਪਾਣੀ ਤੇ ਹਵਾ ਤਬਾਹ ਹੁੰਦੇ ਹਨ । ਫੇਰ ਇਹੋ ਕਾਫ਼ੀ ਨਹੀਂ ਕਿ ਹਰ ਬੰਦਾ ਤਬਾਹੀਆਂ ਲਿਆਉਣ ਵਾਲੀਆਂ ਕ੍ਰਿਆਵਾਂ ਨੂੰ ਕਰਨ ਤੇ ਵਸਤਾਂ ਨੂੰ ਵਰਤਣ ਤੋਂ ਹਟ ਜਾਵੇ ਜਿਹੜੀਆਂ ਧਰਤੀ, ਹਵਾ ਤੇ ਪਾਣੀ ਨੂੰ ਬਰਬਾਦ ਕਰਦੀਆਂ ਹਨ, ਬਲਕਿ ਇਹ ਵੀ ਜ਼ਰੂਰੀ ਹੈ ਕਿ ਦੇਸ਼ ਦਾ ਹਰ ਬੰਦਾ ਉਨ੍ਹਾਂ ਕ੍ਰਿਆਵਾਂ ਨੂੰ ਕਰਨ ਲੱਗ ਜਾਵੇ ਜਿਨ੍ਹਾਂ ਦੇ ਕਰਨ ਨਾਲ ਧਰਤੀ, ਪਾਣੀ ਤੇ ਹਵਾ ਆਪਣੀ ਪਹਿਲੀ ਨਰੋਈ ਹਾਲਤ ਵਿਚ ਆ ਸਕਣ ।

ਪਿਛਲੇ ੪੯ ਸਾਲਾਂ ਵਿਚ ਜਿੰਨੀ ਅੰਨ੍ਹੇਵਾਹ ਬੇਦਰਦੀ ਨਾਲ ਰੁੱਖਾਂ ਦੀ ਕਟਾਈ ਸਾਡੇ ਦੇਸ਼ ਭਾਰਤ ਵਿਚ ਹੋਈ ਹੈ ਓਨੀ ਕਟਾਈ ਦੁਨੀਆਂ ਦੇ ਹੋਰ ਕਿਸੇ

ਦੇਸ਼ ਵਿਚ ਨਹੀਂ ਹੋਈ । ਉਸ ਕਟਾਈ ਨੇ ਸਾਡੇ ਦੇਸ਼ ਵਿਚ ਹੜ੍ਹਾਂ ਦੀ ਤਬਾਹੀ ਵਿਚ ਵੀ ਬਹੁਤ ਵਾਧਾ ਕੀਤਾ ਹੈ ਜਿਹੜੇ ਬੰਦਿਆਂ ਤੇ ਪਸ਼ੂਆਂ ਦੀਆਂ ਵੀ ਜਾਨਾਂ ਲੈ ਰਹੇ ਹਨ, ਲੋਕਾਂ ਦੇ ਘਰਾਂ ਦਾ ਸਭ ਕੁਝ ਆਪਣੇ ਨਾਲ ਰੋੜ੍ਹ ਕੇ ਲਿਜਾ ਰਹੇ ਹਨ ਤੇ ਧਰਤੀ ਦੀ ਅੰਨ-ਉਪਜਾਊ ਕੀਮਤੀ ਮਿੱਟੀ ਦੀ ਅੱਠ ਅੱਠ ਇੰਚਾਂ ਦੀ ਉੱਪਰਲੀ ਤਹਿ ਖੋਰ ਕੇ ਆਪਣੇ ਨਾਲ ਲਿਜਾ ਰਹੇ ਹਨ। ਜੇਕਰ ਦੁਨੀਆਂ ਦੇ ਬੰਦੇ ਮਾਰੂ-ਪਦਾਰਥਾਂ ਦੀ ਅੰਨ੍ਹੇਵਾਹ ਵਰਤੋਂ ਨਾਲ ਇਨ੍ਹਾਂ ਤਿੰਨਾਂ ਮੁੱਢਲੇ ਸਾਧਨਾਂ ਨੂੰ ਹੀ ਬਰਬਾਦ ਕਰ ਦੇਣ ਤਾਂ ਫਿਰ ਇਨ੍ਹਾਂ ਵੱਲੋਂ ਆਪਣੀ ਮੌਤ ਦੇ ਵਾਰੰਟਾਂ 'ਤੇ ਦਸਤਖ਼ਤ ਕਰਨ ਵਿਚ ਵੀ ਕੀ ਕਸਰ ਬਾਕੀ ਰਹਿ ਜਾਂਦੀ ਹੈ ? ਪਰ ਇਹ ਕੁਝ ਕਰਦੇ ਹੋਏ ਦੁਨੀਆਂ ਦੇ ਬੰਦੇ ਆਪਣੀ ਅਗਿਆਨਤਾ ਨਾਲ ਆਪਣੀ ਮੌਤ ਦੇ ਵਾਰੰਟਾਂ 'ਤੇ ਦਸਤਖ਼ਤ ਕਰ ਰਹੇ ਹਨ । ਅਮਰੀਕਾ ਦੇਸ਼ ਦੀ ਅਬਾਦੀ ਦੁਨੀਆਂ ਦੀ ਅਬਾਦੀ ਦਾ ਛੇ ਪ੍ਰਤੀਸ਼ਤ ਹਿੱਸਾ ਹੈ ਅਰਥਾਤ ਦੁਨੀਆਂ ਦੇ ਸੌ ਬੰਦਿਆਂ ਵਿਚੋਂ ਛੇ ਬੰਦੇ ਅਮਰੀਕਨ ਹਨ, ਪਰ ਇਹ ਅਬਾਦੀ ਦੁਨੀਆਂ ਦੇ ਪਦਾਰਥਾਂ ਦਾ ਚਾਲੀ ਪ੍ਰਤੀਸ਼ਤ ਹਿੱਸਾ ਵਰਤ ਰਹੀ ਹੈ । ਜੇਕਰ ਭਾਰਤ ਤੇ ਚੀਨ ਦੋਹਾਂ ਦੇਸ਼ਾਂ ਦੇ ਬੰਦੇ ਵੀ ਅਮਰੀਕਾ ਦੇ ਬੰਦਿਆਂ ਵਾਂਗ, ਪੈਟਰੋਲ, ਡੀਜ਼ਲ, ਤੇਲ, ਲੱਕੜ ਤੇ ਕੋਲੇ ਜੈਸੇ ਪਦਾਰਥਾਂ ਨੂੰ ਵਰਤ ਰਹੇ ਹੁੰਦੇ ਤਾਂ ਹੁਣ ਤਕ ਦੁਨੀਆਂ ਦਾ ਪੱਥਰ ਦਾ ਕੋਲਾ, ਲੱਕੜ, ਪੈਟਰੋਲ ਤੇ ਡੀਜ਼ਲ ਜੈਸੇ ਪਦਾਰਥ ਕਦੋਂ ਦੇ ਮੁੱਕ ਗਏ ਹੁੰਦੇ । ਅਮਰੀਕਾ ਤੇ ਨਿਊਯਾਰਕ ਵਰਗੇ ਸ਼ਹਿਰਾਂ ਵਿਚ ਡੀਜ਼ਲ, ਪੈਟਰੋਲ ਤੇ ਕੋਲਾ ਏਨੀ ਵੱਧ ਮਾਤਰਾ ਵਿਚ ਸੜ ਰਹੇ ਹਨ ਕਿ ਉਨ੍ਹਾਂ ਤੋਂ ਪੈਦਾ ਹੋਣ ਵਾਲੀਆਂ ਜ਼ਹਿਰੀਲੀਆਂ ਗੈਸਾਂ ਦੇ ਕਾਰਨ ਉਨ੍ਹਾਂ ਸ਼ਹਿਰਾਂ ਦੇ ਬੰਦਿਆਂ ਦਾ ਹਵਾ ਵਿਚ ਸਾਹ ਲੈਣਾ ਔਖਾ ਹੁੰਦਾ ਜਾ ਰਿਹਾ ਹੈ । ਜਪਾਨ ਦੇਸ਼ ਦੇ ਬੱਚੇ ਤਾਂ ਖੇਡਣ ਵੇਲੇ ਆਪਣੇ ਮੂੰਹਾਂ ਉੱਤੇ ਮਾਸਕ (ਬਚਾਉ-ਪੱਟੀ) ਲਗਾਉਂਦੇ ਹਨ ਤਾਂ ਜੋ ਉਸ ਰਾਹੀਂ ਜ਼ਹਿਰੀਲੀ ਹਵਾ ਸਾਫ਼ ਹੋ ਕੇ ਉਹਨਾਂ ਦੇ ਫ਼ੇਫ਼ੜਿਆਂ ਵਿਚ ਜਾਵੇ ।

—ਭਗਤ ਪੂਰਨ ਸਿੰਘ ਬਾਨੀ ਪਿੰਗਲਵਾੜਾ ਅੰਮ੍ਰਿਤਸਰ।

-o-



## ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਥਾਪਤ ਕੀਤੇ ਹੋਏ ਸਿੱਖ ਪੰਥ ਦੇ ਤਖ਼ਤ,
# ਤਖ਼ਤ ਸ੍ਰੀ ਅਨੰਦਪੁਰ ਸਾਹਿਬ ਸ੍ਰੀ ਕੇਸਗੜ੍ਹ ਸਾਹਿਬ
## ਦੇ ਇਤਿਹਾਸ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

ਸ੍ਰੀ ਅਨੰਦਪੁਰ ਸਾਹਿਬ ਵਿਚ ਮਨੁੱਖੀ ਆਤਮਾ ਦੀ ਖ਼ੁਸ਼ੀਆਂ ਭਰੀ ਸ਼ਕਤੀ ਕਈ ਵੱਖ-ਵੱਖ ਰੂਪਾਂ ਵਿਚ ਪ੍ਰਗਟ ਹੁੰਦੀ ਸੀ । ਹਰ ਨਵੇਂ ਦਿਨ ਨਵੇਂ ਖ਼ਿਆਲ ਵਾਯੂ-ਮੰਡਲ ਵਿਚ ਫੈਲ ਜਾਂਦੇ ਸਨ ਅਤੇ ਖ਼ਾਲਸਾ ਪੰਥ ਨਵੇਂ ਰੰਗਾਂ ਵਿਚ ਰੰਗਿਆ ਜਾਂਦਾ ਸੀ । ਸੇਵਾ ਪੰਥੀ, ਨਿਰਮਲੇ ਤੇ ਸਹਿਜਧਾਰੀ ਨਵੇਂ-ਨਵੇਂ ਉੱਚੇ ਤੇ ਚਮਕੀਲੇ ਫੈਸਲੇ ਕਰਦੇ ਸਨ ਅਤੇ ਇਹਨਾਂ ਸਾਰਿਆਂ ਤੋਂ ਪਿਛੇਰੇ ਤੇ ਉਚੇਰੇ ਸਨ ਅਕਾਲੀ, ਜਿਨ੍ਹਾਂ ਨੇ ਆਪਣੇ ਜੀਵਨ ਨੂੰ ਇਸ ਧਰਤੀ ਦੀ ਮਲ ਮੈਲ ਤੋਂ ਸਾਫ਼ ਕਰ ਲਿਆ ਸੀ ਅਤੇ ਸੰਸਾਰ ਦੇ ਇਸ ਮਾਇਆ ਜਾਲ ਤੋਂ ਬਿਲਕੁੱਲ ਸੁਤੰਤਰ ਹੋ ਕੇ ਗੁਰੂ ਦੇ ਸੁਪਨਿਆਂ ਨਾਲ ਇਕ-ਮਿਕ ਹੋ ਗਏ ਸਨ । ਸੇਵਾ-ਪੰਥੀਆਂ ਨੇ ਸੇਵਾ ਦੇ ਕਰਤੱਵਾਂ ਲਈ ਆਪਣੇ ਆਪ ਨੂੰ ਅਰਪਣ ਕੀਤਾ ਤੇ ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰੈੱਡ-ਕਰਾਸ (ਸੁਰਖ਼-ਸਲੀਬ) ਦੀ ਨੀਂਹ ਰੱਖੀ ਜਿਸ ਨੇ ਮਿੱਤਰਾਂ ਤੇ ਵੈਰੀਆਂ ਦੀ ਇਕੋ ਜਿਹੀ ਸੇਵਾ ਕੀਤੀ । ਉਹ ਜੰਗ ਦੇ ਮੈਦਾਨ ਵਿਚ ਆਪਣੀ ਪਿੱਠ 'ਤੇ ਪਾਣੀ ਚੁੱਕ ਕੇ ਲੈ ਜਾਂਦੇ ਸਨ ਅਤੇ ਜ਼ਖ਼ਮਾਂ ਤੇ ਪਿਆਸ ਨਾਲ ਮਰ ਰਹੇ ਬੰਦਿਆਂ ਦੇ ਬੁੱਲ੍ਹਾਂ ਨਾਲ ਪਾਣੀ ਦਾ ਰਹਿਮ ਵਾਲਾ ਬਾਟਾ ਲਾਉਂਦੇ ਸਨ । ਜੰਗ ਦੇ ਮੈਦਾਨ ਨੂੰ ਪਾਣੀ ਪਿਲਾਉਣ ਜਾਂਦੇ ਹੋਏ ਉਹ ਮੁੱਢਲੀ ਮਲ੍ਹਮ-ਪੱਟੀ ਦਾ ਸਾਮਾਨ ਵੀ ਆਪਣੇ ਨਾਲ ਲੈ ਜਾਂਦੇ ਸਨ ਅਤੇ ਜਰਾਹੀ (ਚੀਰ-ਫਾੜ ਕਰਨ) ਤੇ ਔਸ਼ਧੀ (ਦਵਾਈ) ਦੇ ਇਲਮ ਵੀ ਉਹ ਸਿੱਖਦੇ ਸਨ । ਨਿਰਮਲਿਆਂ ਨੇ ਆਪਣੇ ਆਪ ਨੂੰ ਵਿਦਿਆ ਪ੍ਰਾਪਤ ਕਰਨ 'ਤੇ ਲਗਾ ਦਿੱਤਾ । ਉਨ੍ਹਾਂ ਸੰਸਕ੍ਰਿਤ ਤੇ ਵੇਦਾਂਤ ਪੜ੍ਹਿਆ ਅਤੇ ਦੇਸ਼ ਭਰ ਵਿਚ ਵਿਦਿਆ ਫੈਲਾਣ ਅਤੇ ਉਸ ਸਾਹਿਤ ਨੂੰ ਪਹੁੰਚਾਣ ਲਈ ਤੁਰ ਪਏ ਜੋ ਸ੍ਰੀ ਅਨੰਦਪੁਰ ਸਾਹਿਬ ਵਿਚ ਰਚਿਆ ਗਿਆ ਸੀ ।

(ਪ੍ਰੋਫ਼ੈਸਰ ਪੂਰਨ ਸਿੰਘ ਜੀ ਦੀ ਅੰਗਰੇਜ਼ੀ ਪੁਸਤਕ "ਦਸ ਗੁਰੂ ਸਾਹਿਬਾਨ" ਵਿਚੋਂ)

## ਸਭ ਤੋਂ ਉੱਤਮ ਆਰਥਿਕ ਪ੍ਰਬੰਧ

# ਦਸਵੰਧ

## ਪੰਚਮ ਪਾਤਿਸ਼ਾਹ ਨੂੰ ਆਰਥਿਕ ਸੰਕਟ

ਇਨਸਾਨੀਅਤ ਦੇ ਤਕਾਜ਼ੇ ਅਨੁਸਾਰ ਆਰਥਿਕ ਔਕੜਾਂ ਜਿਵੇਂ ਹੋਰਨਾਂ ਭਗਤਾਂ ਤੇ ਮਹਾਂਪੁਰਸ਼ਾਂ ਨੂੰ ਪੇਸ਼ ਆਈਆਂ ਓਵੇਂ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ, ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਦੇ ਜੱਫਾ-ਮਾਰੂ ਸੁਭਾਅ ਨੇ ਮਾਲੀ ਮੁਸ਼ਕਲਾਂ ਦੇ ਮੱਥੇ ਲਾ ਦਿੱਤਾ। ਇੱਥੋਂ ਤਕ ਕਿ ਗੁਰੂ ਕਾ ਲੰਗਰ ਮਸਤਾਨਾ ਰਹਿਣ ਲੱਗਾ ਅਤੇ ਘਰ ਵਿਚ ਵੀ ਬਦਾਮਾਂ (ਛੋਲਿਆਂ) ਦੀ ਮਧੂਕਰੀ ਪੱਕਣ ਲੱਗੀ ਅਤੇ ਧਰਮ ਦੇ ਪ੍ਰਚਾਰ ਵਿਚ ਪੈ ਰਹੀ ਰੁਕਾਵਟ ਨੂੰ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਆਦਿ ਮੁਖੀ ਗੁਰਮੁਖਾਂ ਨੇ ਮਹਿਸੂਸ ਕੀਤਾ ਤੇ ਗੁਰੂ ਮਹਾਰਾਜ ਪਾਸ ਇਸ ਆਰਥਿਕ ਮਸਲੇ ਨੂੰ ਪੱਕੇ ਤੌਰ ਪਰ ਸਦਾ ਲਈ ਹੱਲ ਕਰਨ ਵਾਸਤੇ ਪ੍ਰਾਰਥਨਾ ਕੀਤੀ। ਸਤਿਗੁਰੂ ਦਿਆਲ ਹੋਏ ਤੇ ਆਪ ਨੇ ਇਕ ਐਸੀ ਵਿਉਂਤ ਬਣਾਈ ਜਿਸ ਦੀ ਨਜ਼ੀਰ ਪਿਛਲੀ ਦੁਨੀਆਂ ਦੇ ਇਤਿਹਾਸ ਵਿਚ ਨਹੀਂ ਮਿਲਦੀ ਉਹ ਸੀ 'ਦਸਵੰਧ' ; ਅਰਥਾਤ ਦਸਵਾਂ ਹਿੱਸਾ ਸਾਰੀ ਕਿਰਤ ਕਮਾਈ ਦਾ ਹਰ ਇਕ ਗੁਰਸਿੱਖ ਗੁਰੂ ਨਮਿੱਤ ਕੱਢੇ ਅਤੇ ਆਪਣੇ ਇਲਾਕੇ ਦੇ ਮਸੰਦ ਰਾਹੀਂ ਸਤਿਗੁਰਾਂ ਦੇ ਹਜ਼ੂਰ ਪਹੁੰਚਾਵੇ ਜਾਂ ਆਪ ਹਾਜ਼ਰ ਹੋ ਕੇ ਗੁਰੂ ਦੀ ਗੋਲਕ ਵਿਚ ਪਾਵੇ। ਇਸ ਤਜਵੀਜ਼ ਨੂੰ ਸਾਰਿਆਂ ਬੜਾ ਪਸੰਦ ਕੀਤਾ ਤੇ ਤੁਰੰਤ ਅਮਲ ਸ਼ੁਰੂ ਹੋ ਗਿਆ। ਦਿਨਾਂ ਵਿਚ ਹੀ ਗੁਰੂ ਦਰਬਾਰ ਵਿਚ ਆਰਥਿਕ ਚਹਿਲ-ਪਹਿਲ ਲੱਗ ਗਈ। ਧਰਮ ਪ੍ਰਚਾਰ, ਚਲਣ-ਸੁਧਾਰ ਤੇ ਵਿਦਿਆ ਵਿਹਾਰ ਦੀਆਂ ਰੌਣਕਾਂ ਵਿਚ ਸ਼ਾਨਦਾਰ ਵਾਧਾ ਹੋ ਗਿਆ। ਸਿੱਖ ਕਿਵੇਂ ਚਾਉ ਤੇ ਸ਼ਰਧਾ ਨਾਲ ਦਸਵੰਧ ਦੇਂਦੇ ਤੇ ਮਸੰਦ ਪੂਰੀ ਇਮਾਨਦਾਰੀ ਨਾਲ ਗੁਰੂ ਕੇ ਹਜ਼ੂਰ ਪਹੁੰਚਾਉਂਦੇ ਸਨ। ਇਸ ਬਾਰੇ ਮੌਕੇ ਦਾ ਲਿਖਾਰੀ ਸੰਤ ਬਹਿਰਾਮ ਇਸ ਤਰ੍ਹਾਂ ਦੱਸਦਾ ਹੈ :—"**ਪੰਜਵੇਂ ਤੋਂ ਪਹਿਲੇ ਮਹਲ, ਸਿੱਖਾਂ ਪਾਸੋਂ ਕਾਰ-ਭੇਟਾ ਨਹੀਂ ਸਨ ਲੈਂਦੇ। ਆਪਣੀ ਖ਼ੁਸ਼ੀ ਨਾਲ ਜੋ ਕੋਈ ਚਰਨ ਭੇਟਾ ਰੱਖਦਾ, ਬੱਸ ਹੁੰਦਾ ਸੀ। (ਗੁਰੂ) ਅਰਜਨ ਨੇ ਆਪਣੇ ਸਮੇਂ ਹਰ ਸ਼ਹਿਰ ਦੇ ਸਿੱਖਾਂ ਵਿਚੋਂ ਇਕ ਦੀ ਸੇਵਾ ਲਾਈ, ਜੋ ਉਹਨਾਂ ਪਾਸੋਂ ਕਾਰ-ਭੇਟਾ ਵਸੂਲ ਕਰੇ। ਇਹ ਬੰਧਾਨ ਕਰ ਦਿੱਤਾ ਗਿਆ ਕਿ ਉਦਾਸੀ (ਦੁਨੀਆਂਦਾਰੀ ਛੱਡ ਦੇਣ ਵਾਲਾ) ਬਣਨਾ ਭਲਾ ਨਹੀਂ ; ਇਸ ਕਰਕੇ ਬਾਜ਼ੇ ਗੁਰਸਿੱਖ ਵਾਹੀ ਕਰਦੇ ਹਨ, ਕੁਝ ਸੌਦਾਗਰੀ ਅਤੇ ਬਹੁਤੇ ਨੌਕਰੀ —ਤੇ ਹਰ ਕੋਈ ਸਾਲ ਭਰ ਕਿਰਤ ਵਿਰਤ ਕਰਕੇ ਵਿਤ ਅਨੁਸਾਰ ਜੋ ਕੁਝ ਜੋੜਦਾ ਹੈ ਉਸ ਵਿਚੋਂ ਕਾਰ-ਭੇਟਾ ਵਜੋਂ ਬਣਾਈ ਰਕਮ ਆਪਣੇ ਇਲਾਕੇ ਦੇ ਮਸੰਦ ਪਾਸ ਪੁਚਾ ਦੇਂਦਾ ਹੈ। ਮਸੰਦ ਉਸ ਨੂੰ ਅੰਗੀਕਾਰ ਨਹੀਂ ਕਰਦਾ ਤੇ ਹੋਰ ਜੋ ਕੁਝ ਸਾਲ ਵਿਚ ਮਸੰਦ ਵਾਸਤੇ ਇਸ ਲਈ ਲਿਆਉਂਦੇ ਹਨ ਉਹ ਉਨ੍ਹਾਂ ਦੀ ਭੇਟਾ**



**ਗੁਰੂ ਕੇ ਹਜ਼ੂਰ ਪਹੁੰਚਾਉਂਦਾ ਹੈ। ਉਸ ਨੂੰ ਮਸੰਦ ਕੇਵਲ ਉਸੇ ਸੂਰਤ ਵਿਚ ਆਪ ਅੰਗੀਕਾਰ ਕਰਦਾ ਹੈ ਜੇ ਉਸ ਪਾਸ ਗੁਜ਼ਾਰੇ ਦਾ ਹੋਰ ਕੋਈ ਕਾਰ-ਵਿਹਾਰ ਨਾ ਹੋਵੇ। ਜੇ ਕੋਈ ਕਾਰ-ਵਿਹਾਰ ਕਰਦਾ ਹੋਵੇ, ਤਾਂ ਉਸ ਧਨ ਨਾਲ ਨਹੀਂ ਲਿਬੜਦਾ। ਕੌਡੀ ਕੌਡੀ ਇਕੱਠੀ ਕਰਕੇ ਗੁਰੂ ਕੇ ਪਾਸ ਪਹੁੰਚਾ ਦੇਂਦਾ ਹੈ ਅਤੇ ਵੈਸਾਖ ਦੇ ਮਹੀਨੇ ਜਦੋਂ ਸੂਰਜ ਮੇਖ਼-ਰਾਸ਼ੀ ਵਿਚ ਹੁੰਦਾ ਹੈ, ਸਾਰੇ ਮਸੰਦ ਗੁਰੂ-ਦਰਬਾਰ ਵਿਚ ਇਕੱਠੇ ਹੁੰਦੇ ਹਨ। ਉਹਨਾਂ ਦੇ ਮੇਲੀਆਂ ਵਿਚੋਂ ਜੇ ਕੋਈ ਜਾਣਾ ਚਾਹੇ ਤੇ ਜਾਣ ਲਈ ਸਮਰੱਥਾ ਭੀ ਹੋਵੇ ਮਸੰਦ ਨਾਲ ਗੁਰੂ ਕੇ ਹਜ਼ੂਰ ਹਾਜ਼ਰ ਹੁੰਦਾ ਹੈ। ਵਿਦਾਇਗੀ ਸਮੇਂ ਗੁਰੂ ਜੀ ਹਰ ਮਸੰਦ ਨੂੰ ਦਸਤਾਰ ਬਖ਼ਸ਼ਦੇ ਹਨ।**" ਇਸ ਵਰਣਨ ਤੋਂ ਸਾਫ਼ ਪਤਾ ਲੱਗਦਾ ਹੈ ਕਿ ਦਸਵੰਧ (ਕਾਰ-ਭੇਟਾ) ਪੰਜਵੇਂ ਪਾਤਸ਼ਾਹ ਦੇ ਸਮੇਂ ਤੋਂ ਹਰ ਸਿੱਖ ਲਈ ਗੁਰੂ ਨਮਿੱਤ ਦੇਣਾ ਲਾਜ਼ਮੀ ਕਰਾਰ ਦਿੱਤਾ ਗਿਆ ਸੀ। ਇਸ ਬੰਧਾਨ ਦੀਆਂ ਨਿਸ਼ਾਨੀਆਂ ਅਜੇ ਪੁਰਾਣੇ ਸਿੱਖ ਘਰਾਣਿਆਂ ਵਿਚ ਮੌਜੂਦ ਹਨ। ਜਦੋਂ ਕੋਈ ਗਊ, ਮੱਝ, ਸਿੱਖ ਦੇ ਘਰ ਸੂੰਦੀ ਹੈ, ਉਸ ਮੌਕੇ ਦੁੱਧ ਚੋਣ ਤੋਂ ਪਹਿਲਾਂ ਇਸ ਭਾਵ ਦਾ ਅਰਦਾਸਾ ਕੀਤਾ ਜਾਂਦਾ ਹੈ,—"**ਸੱਚੇ ਪਾਤਿਸ਼ਾਹ ! ਇਹ (ਵੱਛੀ ਵੱਛਾ ਜਾਂ ਕੱਟੀ, ਜੋ ਜਨਮਿਆਂ ਹੋਵੇ) ਤੇਰਾ ਦਸੌਂਦੀ ਹੈ...**" ਅਰਦਾਸ ਕਰਕੇ ਉਸ ਨਵੇਂ ਜੰਮੇ ਬੱਚੇ ਦੀ ਕੀਮਤ ਪਵਾਈ ਜਾਂਦੀ ਹੈ ਤੇ ਉਸ ਦਾ ਦਸਵਾਂ ਹਿੱਸਾ ਉਸ ਮੌਕੇ ਨਮਿੱਤ ਵੱਖਰਾ ਕਰ ਕੇ ਰੱਖ ਦਿੱਤਾ ਜਾਂਦਾ ਹੈ। ਕੋਈ ਗੁਰੂ ਕਿਆਂ (ਸੋਢੀ ਸਾਹਿਬਜ਼ਾਦਿਆਂ) ਨੂੰ ਤੇ ਕੋਈ ਨੇੜੇ ਦੇ ਗੁਰਦੁਆਰੇ ਪਹੁੰਚਾ ਦੇਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖ ਨੂੰ ਪ੍ਰਾਣੀ-ਮਾਤਰ ਦੇ ਭਲੇ ਨਾਲ ਸੰਬੰਧ ਰੱਖਣ ਵਾਲੇ ਅਨੇਕਾਂ ਕੰਮਾਂ ਨੂੰ ਕਰਨ ਦੀ ਸਿੱਖਿਆ ਦਿੰਦੀ ਹੈ। ਉਹ ਪਹਿਲਾਂ ਤੋਂ ਚਲੇ ਆ ਰਹੇ ਵੀ ਹੁੰਦੇ ਹਨ ਤੇ ਨਵੇਂ ਵੀ ਹੁੰਦੇ ਹਨ। ਬੰਦੇ ਨੇ ਆਪਣੀ ਅਕਲ ਨੂੰ ਵਰਤਦਿਆਂ ਹੋਇਆਂ ਸਮੇਂ ਦੀਆਂ ਲੋੜਾਂ ਅਨੁਸਾਰ ਆਪ ਸੋਚਣੇ ਹੁੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਪ੍ਰਭਾਵਤ ਹੋ ਕੇ ਮੇਰੇ ਜੈਸਾ ਗ਼ਰੀਬ ਬੰਦਾ ਪਹਿਲਾਂ ਚਲੇ ਆ ਰਹੇ ਕੰਮਾਂ ਅਤੇ ਆਪਣੀ ਅਕਲ ਨਾਲ ਸੋਚੇ ਗਏ ਨਵੇਂ ਕੰਮਾਂ ਨੂੰ ਕਰਨ ਤਾਂ ਲੱਗ ਜਾਂਦਾ ਹੈ ਪਰ ਉਹ ਆਪਣੇ ਕੰਮਾਂ ਵਿਚ ਸਫਲ ਤਾਂ ਹੀ ਹੋ ਸਕਦਾ ਹੈ ਜੇਕਰ ਹਰ ਬੰਦਾ ਉਸ ਨੂੰ ਮਾਇਕ ਸਹਾਇਤਾ ਦੇਵੇ।

-o-

## ਸ਼ਹੀਦਾਂ ਦੇ ਸਿਰਤਾਜ ਤੇ ਸਿੱਖ ਪੰਥ ਦੇ ਪੰਜਵੇਂ ਗੁਰੂ
# ਸ੍ਰੀ ਗੁਰੂ ਅਰਜਨ ਦੇਵ ਜੀ ਤੇ ਲਾਹੌਰ ਦਾ ਕਾਲ

ਲਾਹੌਰ ਸ਼ਹਿਰ ਵਿਚ ਕਾਲ ਪੈ ਗਿਆ ਸੀ । ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਖ਼ਬਰਾਂ ਪੁੱਜ ਰਹੀਆਂ ਸਨ ਕਿ ਲਾਹੌਰ ਦੀ ਹਾਲਤ ਬਹੁਤ ਹੀ ਭਿਆਨਕ ਰੂਪ ਧਾਰਨ ਕਰ ਰਹੀ ਹੈ । ਸਮਕਾਲੀ ਇਤਿਹਾਸਕਾਰ ਨੂਰੁਲ ਹੱਕ ਦੇ ਕਥਨ ਅਨੁਸਾਰ:

"ਭੁੱਖ ਤੇ ਰੋਗਾਂ ਦੇ ਕਾਰਨ ਲਾਹੌਰ ਸ਼ਹਿਰ ਦੀਆਂ ਗਲੀਆਂ ਅਤੇ ਬਾਜ਼ਾਰ ਮੁਰਦਿਆਂ ਨਾਲ ਭਰੇ ਰਹਿੰਦੇ ਸਨ । ਉਨ੍ਹਾਂ ਲੋਥਾਂ ਨੂੰ ਸ਼ਹਿਰ ਵਿਚੋਂ ਚੁੱਕ ਕੇ ਬਾਹਰ ਦੱਬਣ ਸਾੜਣ ਦਾ ਕੋਈ ਪ੍ਰਬੰਧ ਨਹੀਂ ਸੀ। ਇਤਨੀ ਭੈੜੀ ਹਾਲਤ ਲਾਹੌਰ ਦੀ ਹੋ ਗਈ ਕਿ ਸਮੇਂ ਸਿਰ ਅਕਬਰ ਬਾਦਸ਼ਾਹ ਨੂੰ ਦਿੱਲੀ ਸ਼ਹਿਰ ਦੇ ਤਖ਼ਤ ਤੋਂ ਆਪ ਮੌਕੇ ਉੱਤੇ ਆਉਣਾ ਪਿਆ । ਸੰਨ ੧੫੯੯ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਲਾਹੌਰ ਪੁੱਜੇ। ਉਸ ਸਮੇਂ ਤਕ ਗੁਰੂ ਜੀ ਪਾਸ ਸੰਗਤਾਂ ਪਾਸੋਂ ਆਈ ਦਸਵੰਧ ਦੀ ਰਕਮ ਸ੍ਰੀ ਦਰਬਾਰ ਸਾਹਿਬ ਦੇ ਖ਼ਜ਼ਾਨੇ ਵਿਚ ਕਾਫ਼ੀ ਜਮ੍ਹਾਂ ਹੋ ਗਈ ਸੀ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲੋੜਵੰਦਾਂ ਨੂੰ ਸਹਾਇਤਾ ਪੁਚਾਣੀ ਆਰੰਭ ਕੀਤੀ, ਸਦਾ-ਵਰਤ ਲੰਗਰ ਜਾਰੀ ਕਰ ਦਿੱਤੇ । ਨਿਆਸਰਿਆਂ ਤੇ ਨਿਥਾਵਿਆਂ ਨੂੰ ਟਿਕਾਣਾ ਦੇਣ ਲਈ ਚੂਨੇ ਮੰਡੀ ਵਿਚ ਇਮਾਰਤ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ । ਡੱਬੀ ਬਾਜ਼ਾਰ ਵਿਚ ਬਾਉਲੀ ਬਣਾਉਣੀ ਆਰੰਭ ਕੀਤੀ ਗਈ । ਇਨ੍ਹਾਂ ਉਸਾਰੀ ਦੇ ਕੰਮਾਂ ਕਾਰਨ ਬੇਰੁਜ਼ਗਾਰਾਂ ਨੂੰ ਕੰਮ ਮਿਲਣੇ ਆਰੰਭ ਹੋ ਗਏ ਤੇ ਸਿਰ ਲੁਕਾਉਣ ਵਾਸਤੇ ਥਾਂ ਵੀ ਬਣ ਗਈ । ਮੁਰਦੇ ਚੁੱਕਣ, ਸਾੜਣ ਤੇ ਦਬਾਉਣ ਦਾ ਕੰਮ ਗੁਰੂ ਜੀ ਨੇ ਆਪ ਕੀਤਾ। ਲੋਕੀਂ ਵੇਖ ਕੇ ਵਾਹ ਵਾਹ ਕਰ ਰਹੇ ਸਨ । ਅੱਠ ਮਹੀਨੇ ਆਪ ਲਾਹੌਰ ਹੀ ਰਹੇ ਤੇ ਫਿਰ ਉਸਾਰੀ ਦਾ ਕੰਮ ਸਿੱਖਾਂ ਦੇ ਸਪੁਰਦ ਕਰਕੇ ਪਿੰਡਾਂ ਵਿਚ ਪ੍ਰਚਾਰ ਕਰਨ ਤੇ ਲੋੜਵੰਦਾਂ ਨੂੰ ਸਹਾਇਤਾ ਦੇਣ ਲਈ ਚਲੇ ਗਏ ।"

ਤਰਨ ਤਾਰਨ ਵਿਚ ਆਪ ਨੇ ਖ਼ਾਸ ਤੌਰ 'ਤੇ ਕੋਹੜਿਆਂ ਤੇ ਪਿੰਗਲਿਆਂ ਵਾਸਤੇ ਜਗ੍ਹਾ ਦਾ ਪ੍ਰਬੰਧ ਕੀਤਾ, ਉਹਨਾਂ ਦੇ ਰਹਿਣ, ਦਵਾਈ ਆਦਿ ਤੇ ਹੋਰ ਸਾਰੇ ਪ੍ਰਬੰਧ ਕੀਤੇ । ਜਿੰਨੇ ਖੂਹ ਗੁਰੂ ਅਰਜਨ ਦੇਵ ਜੀ ਨੇ ਮਾਝੇ ਵਿਚ ਲਗਵਾਏ ਸਨ ਏਨੇ ਕਿਸੇ ਹੋਰ ਵਿਅਕਤੀ ਨੇ ਨਹੀਂ ਲਗਵਾਏ । ਆਪ ਨੇ ਰੋਗੀਆਂ ਦੇ ਸਰੀਰਕ ਰੋਗ ਦਵਾਈ ਵੰਡ ਕੇ ਦੂਰ ਕੀਤੇ ।

(ਪੁਸਤਕ "ਸਾਡਾ ਇਤਿਹਾਸ ਦਸ ਪਾਤਿਸ਼ਾਹੀਆਂ" ਵਿਚੋਂ) ।

ਸੰਨ 1947 ਦੀ ਦੇਸ਼ ਦੀ ਵੰਡ ਤੋਂ ਪਹਿਲਾਂ ਲਾਹੌਰ ਸ਼ਹਿਰ ਸਾਂਝੇ ਪੰਜਾਬ ਦੀ ਰਾਜਧਾਨੀ ਦਾ ਸ਼ਹਿਰ ਸੀ ਜੋ ਹੁਣ ਪੱਛਮੀ ਪੰਜਾਬ ਪਾਕਿਸਤਾਨ ਵਿਚ ਰਹਿ ਗਿਆ ਹੈ ।



ਗੁਰੂ ਘਰ ਦੇ ਇਤਿਹਾਸ ਦਾ ਉੱਪਰ ਲਿਖਿਆ ਬਿਰਤਾਂਤ ਅਜਿਹਾ ਹੈ ਜਿਹੜਾ ਗੁਰੂ ਘਰ ਦੀ ਸ਼ੋਭਾ ਨੂੰ ਮਨੁੱਖੀ ਸੱਭਿਅਤਾ ਦੇ ਆਕਾਸ਼ ਵਿਚ ਪਹੁੰਚਾ ਰਿਹਾ ਹੈ । ਮੇਰੀ ਇੱਛਿਆ ਹੈ ਕਿ ਮੈਂ ਆਪਣੇ ਇਸ਼ਤਿਹਾਰਾਂ, ਕਿਤਾਬਚਿਆਂ ਤੇ ਬੋਰਡਾਂ ਦੁਆਰਾ ਇਸ ਬਿਰਤਾਂਤ ਦਾ ਵੱਧ ਤੋਂ ਵੱਧ ਪ੍ਰਚਾਰ ਦੇਸ਼ ਦੇ ਹਰ ਹਿੱਸੇ ਵਿਚ ਕਰਾਂ । ਇਸ ਲਈ ਮੈਂ ਓਨਾ ਹੀ ਸਫਲ ਹੋ ਸਕਦਾ ਹਾਂ ਜਿੰਨੀ ਮਾਇਆ ਗੁਰੂ ਦੀਆਂ ਸੰਗਤਾਂ ਮਨੀਆਰਡਰਾਂ ਦੁਆਰਾ ਪਿੰਗਲਵਾੜੇ ਨੂੰ ਭੇਜਣਗੀਆਂ । ਹਰ ਤਰ੍ਹਾਂ ਦੇ ਗਿਆਨ ਦੀ ਖੋਜ ਕਰਨਾ, ਪ੍ਰਾਣੀ-ਮਾਤਰ ਦਾ ਭਲਾ ਕਰਨ ਵਾਲੀ ਹਰ ਤਰ੍ਹਾਂ ਦੀ ਹੱਥੀਂ ਸੇਵਾ ਕਰਨਾ, ਮੇਰੇ ਜੀਵਨ ਦਾ ਇਕੋ ਇਕ ਮਨੋਰਥ ਹੈ । ਇਹੋ ਕੰਮ ਮੈਂ ਆਪਣੀ ੨੦ ਸਾਲਾਂ ਦੀ ਉਮਰ ਤੋਂ ਆਪਣੀ ਵਰਤਮਾਨ ਕਾਲ ਦੀ 79 ਸਾਲਾਂ ਦੀ ਉਮਰ ਤਕ ਕੀਤਾ ਹੈ । ਜਿਹਨਾਂ ਬੰਦਿਆਂ ਪਾਸ ਮੇਰਾ ਇਹ ਕਿਤਾਬਚਾ ਜਾਵੇਗਾ ਉਹਨਾਂ ਵਿਚੋਂ ਕਈਆਂ ਪਾਸ ਹੋਰ ਵੀ ਕਈ ਇਸ਼ਤਿਹਾਰ ਤੇ ਕਿਤਾਬਚੇ ਪੁੱਜ ਚੁੱਕੇ ਹੋਣਗੇ ਜਾਂ ਪੁੱਜਣਗੇ ਜਿਹੜੇ ਗੁਰਮਤਿ ਬਾਰੇ ਹਨ ਅਤੇ ਜਿਨ੍ਹਾਂ ਨੂੰ ਲੜਕੇ ਲੜਕੀਆਂ ਤੇ ਨੌਜਵਾਨ ਬੜੇ ਚਾਉ ਨਾਲ ਪੜ੍ਹਦੇ ਹਨ । ਗਿਆਨ ਦੀ ਖੋਜ ਦੀ ਨਾ ਹਰ ਇਕ ਬੰਦੇ ਨੂੰ ਰੁਚੀ ਹੁੰਦੀ ਹੈ ਅਤੇ ਨਾ ਹਰ ਇਕ ਨੂੰ ਅਜਿਹਾ ਕਰਨ ਦੀਆਂ ਸਹੂਲਤਾਂ ਤੇ ਸਾਧਨ ਮਿਲ ਸਕਦੇ ਹਨ । ਆਪਣੀ ਚੜ੍ਹਦੀ ਜਵਾਨੀ ਦੀ 20 ਸਾਲ ਦੀ ਉਮਰ ਤੋਂ ਮੈਨੂੰ ਇਹ ਸਭ ਕੁਝ ਰੱਜ ਕੇ ਪ੍ਰਾਪਤ ਹੋਇਆ ਹੈ । ਵਾਹਿਗੁਰੂ ਮਿਹਰ ਕਰੇ ਕਿ ਮੈਨੂੰ ਕਿਤਾਬਚਿਆਂ ਤੇ ਇਸ਼ਤਿਹਾਰਾਂ ਦੀ ਮੁਫ਼ਤ ਵੰਡਾਈ ਲਈ ਲੋੜੀਂਦੀ ਮਾਇਆ ਮਿਲਦੀ ਰਹੇ ।

-o-

---

—*"The history of the world is the history of a few men who had faith in themselves."*

*-Swami Vivekananda*

—*" Not education but character is man's greatest need and man's greatest safeguard."*

# ਅਮੀਰੋ, ਵਜ਼ੀਰੋ ਤੇ ਅਫ਼ਸਰੋ ਆਪਣਾ ਖ਼ਰਚ ਘਟਾਓ

ਭਾਰਤ ਦੀ ਆਰਥਿਕਤਾ ਦਾ ਲੱਕ ਤੋੜਵਾਂ ਖ਼ਰਚ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਡੀਜ਼ਲ ਤੇ ਪੈਟਰੋਲ ਉੱਤੇ ਹੋ ਰਿਹਾ ਹੈ । ਵਜ਼ੀਰਾਂ ਤੇ ਅਫ਼ਸਰਾਂ ਨੂੰ ਚਾਹੀਦਾ ਹੈ ਕਿ ਉਹ ਸਰਕਾਰੀ ਮੋਟਰਕਾਰਾਂ ਨੂੰ ਕੇਵਲ ਸਰਕਾਰੀ ਕੰਮਾਂ ਲਈ ਹੀ ਵਰਤਣ, ਆਪਣੇ ਨਿੱਜੀ ਕੰਮਾਂ ਲਈ ਵਰਤਣ ਦਾ ਅਪਰਾਧ ਸਮਝਦੇ ਹੋਏ ਅਯੋਗ ਖ਼ਰਚਾਂ ਤੋਂ ਬਚ ਕੇ ਤਿਆਗ ਦੀ ਭਾਵਨਾ ਦਾ ਸਬੂਤ ਦੇਣ । ਭਾਰਤ ਦੇ ਰਾਸ਼ਟਰੀ ਝੰਡੇ ਦਾ ਭਗਵਾਂ ਰੰਗ ਦੇਸ਼ ਦੀ ਜਨਤਾ ਨੂੰ ਮਨੁੱਖੀ ਹਿਰਦੇ ਦੇ ਤਿਆਗ ਦੇ ਭਾਵ ਨੂੰ ਯਾਦ ਕਰਾਉਣ ਲਈ ਹੀ ਵਰਤਿਆ ਗਿਆ ਹੈ । ਦੇਸ਼ ਦੀ ਅਜ਼ਾਦੀ ਦੀ ਪ੍ਰਾਪਤੀ ਦੇ ਸਮੇਂ ਤੋਂ ਹਰ ਇਕ ਰਾਜਸੀ ਧੜੇ ਦੇ ਅਨੇਕਾਂ ਵਜ਼ੀਰ ਡੀਜ਼ਲ ਤੇ ਪੈਟਰੋਲ ਦੀ ਵਰਤੋਂ ਸਰਕਾਰੀ ਮੋਟਰਕਾਰਾਂ ਦੀ ਵਰਤੋਂ ਦੁਆਰਾ ਆਪਣੀ ਅਰਾਮ-ਤਲਬੀ, ਹੰਕਾਰ ਦੇ ਪ੍ਰਗਟਾਵਿਆਂ ਤੇ ਨਿੱਜੀ ਕੰਮਾਂ ਲਈ ਕਰਦੇ ਆ ਰਹੇ ਹਨ । ਵਜ਼ੀਰਾਂ ਤੇ ਅਫ਼ਸਰਾਂ ਨੂੰ ਚਾਹੀਦਾ ਹੈ ਕਿ ਸਰਕਾਰੀ ਕੰਮਾਂ ਲਈ ਜੇ ਹੋ ਸਕੇ ਤਾਂ ਉਹ ਪੈਦਲ ਤੁਰਨ ਜਾਂ ਸਾਈਕਲ 'ਤੇ ਜਾਣ । ਅਮੀਰ ਬੰਦਿਆਂ ਨੂੰ ਚਾਹੀਦਾ ਹੈ ਕਿ ਉਹ ਸਮੇਂ ਦੀ ਨਬਜ਼ ਨੂੰ ਪਛਾਣਨ ਤੇ ਆਪਣੀ ਦੁੱਖਾਂ-ਸੁੱਖਾਂ ਤੇ ਗ਼ਰੀਬੀ ਨਾਲੋਂ ਇਕ ਵੱਖਰੀ ਦੁਨੀਆਂ ਨਾ ਵਸਾਉਣ ਜਿਸ ਦੁਨੀਆਂ ਦੇ ਪੈਰ ਨਹੀਂ ਹੁੰਦੇ । ਸੰਸਾਰ ਦੇ ਇਤਿਹਾਸ ਵਿਚ ਕਈ ਅਜਿਹੀਆਂ ਖ਼ੂਨੀ-ਕ੍ਰਾਂਤੀਆਂ ਦੀ ਚਰਚਾ ਹੈ ਜਿਹੜੀਆਂ ਕੇਵਲ ਇਸ ਲਈ ਪੈਦਾ ਹੋਈਆਂ ਕਿਉਂਕਿ ਅਮੀਰ ਬੰਦਿਆਂ, ਰਾਜਸੀ, ਸੱਤਾ ਵਾਲੇ ਬੰਦਿਆਂ ਤੇ ਵੱਡੇ ਵੱਡੇ ਸਰਕਾਰੀ ਅਫ਼ਸਰਾਂ ਨੇ ਗ਼ਰੀਬਾਂ ਦੇ ਦੁੱਖਾਂ ਸੁੱਖਾਂ ਨਾਲੋਂ ਆਪਣਾ ਮਾਨਸਿਕ ਸੰਬੰਧ ਤੋੜ ਕੇ ਆਪਣੇ ਦੁੱਖਾਂ ਸੁੱਖਾਂ, ਅਰਾਮ ਤਲਬੀਆਂ, ਫ਼ਜ਼ੂਲ ਖ਼ਰਚੀਆਂ ਤੇ ਅੱਯਾਸ਼ੀਆਂ ਦੀ ਵੱਖਰੀ ਦੁਨੀਆਂ ਵਸਾਈ । ਪਰਜਾ-ਤੰਤਰ ਦੀ ਸਫਲਤਾ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਸਰਕਾਰੀ ਅਫ਼ਸਰ ਸਰਕਾਰੀ ਵਸਤਾਂ ਨੂੰ ਜਨਤਾ ਦੀ ਅਮਾਨਤ ਸਮਝਦੇ ਹੋਏ ਉਨ੍ਹਾਂ ਨੂੰ ਦਿਲ ਦੇ ਦਰਦ ਤੇ ਸੰਜਮ ਨਾਲ ਵਰਤਣ, ਨਹੀਂ ਤਾਂ ਪਰਜਾ-ਤੰਤਰ ਹੱਥੋਂ ਨਿਕਲ ਜਾਇਆ ਕਰਦਾ ਹੈ ਤੇ ਤਾਨਾਸ਼ਾਹੀ ਸਰਕਾਰ ਆ ਜਾਇਆ ਕਰਦੀ ਹੈ । ਦੇਸ਼ ਦੇ ਹਾਲਾਤ ਨੂੰ ਖ਼ਰਾਬ ਕਰਨ ਦੀ ਜ਼ਿੰਮੇਵਾਰੀ ਉਨ੍ਹਾਂ ਰਾਜਸੀ ਸੱਤਾ ਵਾਲੇ ਬੰਦਿਆਂ ਦੇ ਸਿਰਾਂ 'ਤੇ ਹੈ ਜਿਹੜੇ ਚੋਰ-ਬਾਜ਼ਾਰੀ ਕਰਨ ਵਾਲੇ ਵਪਾਰੀਆਂ ਪਾਸੋਂ ਬਿਨਾਂ ਰਸੀਦ ਤੋਂ ਚੋਣਾਂ ਲਈ ਕਾਲਾ ਧਨ ਲੈਂਦੇ ਹਨ ਤੇ ਉਨ੍ਹਾਂ ਨੂੰ ਕਾਲੇ ਧਨ ਦੀ ਕਮਾਈ ਕਰਨ ਦੀ ਆਗਿਆ ਦੇਂਦੇ ਹਨ। ਦੇਸ਼ ਦੇ ਅਮੀਰ, ਵਜ਼ੀਰ ਤੇ ਅਫ਼ਸਰ ਸਮਝ ਜਾਣ, ਨਹੀਂ ਤਾਂ ਉਨ੍ਹਾਂ ਦੇ ਪੁੱਤ ਪੋਤਰੇ ਉਨ੍ਹਾਂ ਦੇ ਖੋਟੇ ਕਰਮਾਂ ਦੀਆਂ ਸਜ਼ਾਵਾਂ ਭੁਗਤਣਗੇ ਤੇ ਮੇਰੇ ਇਹਨਾਂ ਇਸ਼ਤਿਹਾਰਾਂ ਨੂੰ ਯਾਦ ਕਰਕੇ ਰੋਣਗੇ । ਰਾਜਸੀ ਧੜਿਆਂ ਦੇ ਬੰਦੇ ਉੱਪਰ ਲਿਖੇ ਪਾਪ ਕਮਾਉਂਦੇ ਹੋਏ ਦੇਸ਼ ਦੀ ਅਜ਼ਾਦੀ ਲਈ ਸ਼ਹੀਦੀ ਪਾਉਣ ਵਾਲਿਆਂ, ਕੈਦਾਂ ਕੱਟਣ ਵਾਲਿਆਂ, ਬੈਂਤਾਂ ਖਾਣ ਵਾਲਿਆਂ ਤੇ ਹੋਰ ਅਨੇਕ ਪ੍ਰਕਾਰ ਦੀਆਂ ਸਜ਼ਾਵਾਂ ਭੁਗਤਣ ਵਾਲਿਆਂ ਦੀਆਂ ਆਤਮਾਵਾਂ ਨੂੰ ਦੁਖੀ ਕਰ ਰਹੇ ਹਨ। ਸੰਨ 1920 ਤੋਂ ਲੈ ਕੇ 1947 ਤਕ ਦੇਸ਼ ਦੇ ਜਿਨ੍ਹਾਂ ਬੰਦਿਆਂ ਨੂੰ ਮੈਂ ਫ਼ਾਂਸੀਆਂ 'ਤੇ ਚੜ੍ਹਦਿਆਂ, ਲੰਬੀਆਂ ਕੈਦਾਂ ਕੱਟਦਿਆਂ, ਦੇਸ਼ ਨਿਕਾਲੇ ਲੈਂਦਿਆਂ, ਜਾਇਦਾਦਾਂ ਜਬਤ ਕਰਾਉਂਦਿਆਂ ਦੇਖਿਆ ਉਨ੍ਹਾਂ ਦੀ ਯਾਦ ਮੈਨੂੰ ਮਜਬੂਰ ਕਰਦੀ ਹੈ ਕਿ ਮੈਂ ਹੱਥ ਵਿਚ ਡੰਡਾ ਲੈ ਕੇ ਸਮੇਂ ਦੇ ਵਜ਼ੀਰਾਂ, ਸਰਕਾਰੀ ਅਫ਼ਸਰਾਂ, ਵਪਾਰੀਆਂ ਸਭਨਾਂ ਨੂੰ ਤਾੜਾਂ ਤਾਂ ਜੋ ਉਹ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਭੁਲਾਉਂਦੇ ਹੋਏ ਦੇਸ਼-ਧਰੋਹੀ ਕੰਮਾਂ ਵਿਚ ਨਾ ਪੈ ਸਕਣ ।

-o-



**ਆਪਣੇ ਵਧਣ ਫੁੱਲਣ ਤੇ ਆਪਣੇ ਸਰੀਰ ਤੇ ਇੱਜ਼ਤ ਦੀ ਰੱਖਿਆ ਲਈ**
**ਮਨੁੱਖ ਜਾਤੀ ਦੇ ਮਿਥੇ ਹੋਏ ਦੋ ਸਭ ਤੋਂ ਵੱਡੇ ਆਸਰਿਆਂ—ਮਾਂ-ਬਾਪ,**
**ਭੈਣਾਂ ਭਰਾਵਾਂ ਆਦਿਕ ਸੰਬੰਧੀਆਂ ਵਾਲੇ ਵੱਸਦੇ-ਰਸਦੇ, ਰੱਜੇ-ਪੁੱਜੇ**
**ਘਰਾਂ ਦੇ ਹੁੰਦਿਆਂ ਸੁੰਦਿਆਂ ਮਰਦਾਂ ਤੇ ਇਸਤਰੀਆਂ ਨੂੰ**

# ਬੇਵਾਰਸ ਤੇ ਦਰ ਦਰ ਦੇ ਮੰਗਤੇ ਬਣਾ ਦੇਣ ਵਾਲਾ ਰੋਗ ਪਾਗਲਪਨ

ਤੇ ਇਸ ਰੋਗ ਦੀਆਂ ਪੈਦਾ ਕੀਤੀਆਂ ਹੋਈਆਂ ਮਨੁੱਖੀ ਬੇਵੱਸੀਆਂ
ਦੇ ਘਾਟੇ ਨੂੰ ਪੂਰਾ ਕਰਨ ਲਈ ਪਿੰਗਲਵਾੜੇ ਦੀ ਯੋਜਨਾ

COMPENSATION-OVERCOMPENSATION

The flower of our present civilization is the final compensation of the sense of insecurity which our weak primitive ancestors felt in the primeral forests.

When we examine this civilization we find that the very accomplishments we pride ourselves on most, originate in primitive man's feeling of inferiority. Animals with good eyes do not need microscopes or telescopes. Strong-muscled gorillas do not invent, levers, wheels, axes, spades, knives, steem shovels, locomotives, or electric cranes. The keen eared forest denizens live without a need for telephones, musical instruments, or wireless. Tigers and lions and other pure carnivors have good digestions and need not cook their prey. Forbearing animals exist comfortably without clothes. Man, generally is the weakest and poorest equipped animal in the scale of living things, the period of his relative dependence on his parents is greater than of any other animal. His need of self protection by means of some communal living is therefore greater, and with the exception of ants and other social insects (whose problem is materially simplified by their limited sphere of adjustment) man's social civilization is the most complicated and effective compensation that is to be found in nature.

What man has accomplished as a race every individual man and woman can do and must do to survive. Mankind has always lived in groups—and no individual can isolate himself, either physically or mentally and be happy. There is but one limit to the compensation of the individual, and that is that any individual compensation for defects and inferiorities must fit into the general pattern of human compensation. In other words happiness is to be achieved solely in terms of socially useful activities.

By—Beran Wolf M. D. London Rouilenge and kegan Paul Ltd. BroaBway House. 68—74 Carter Lane. E.C 4, Pages—374.

**"How To Be Happy Though Human?"**

ਸ੍ਰਿਸ਼ਟੀ ਦੀ ਰਚਨਾ ਦੇ ਆਰੰਭ ਕਾਲ ਵਿਚ ਸਾਡੇ ਬਜ਼ੁਰਗਾਂ ਨੇ ਕਦੀਮੀ ਜੰਗਲਾਂ ਵਿਚ ਆਪਣੇ ਸਰੀਰਾਂ ਦੀ ਰੱਖਿਆ ਦੇ ਸਿਲਸਿਲੇ ਵਿਚ ਕੁਦਰਤ ਦੇ ਮੁਕਾਬਲੇ ਵਿਚ ਆਪਣੇ ਆਪ ਨੂੰ ਜਿਹੜੀਆਂ ਜਿਹੜੀਆਂ ਗੱਲਾਂ ਵਿਚ ਅਸਮਰਥ ਪਾ ਕੇ ਥੁੜ੍ਹਿਆ ਹੋਇਆ ਅਤੇ ਕਮਜ਼ੋਰ ਅਨੁਭਵ ਕੀਤਾ ਅਤੇ ਇਸ ਤਰ੍ਹਾਂ ਨਾਲ ਉਨ੍ਹਾਂ ਦੇ ਹਿਰਦਿਆਂ ਅੰਦਰ ਆਪਣੀ ਰੱਖਿਆ ਲਈ ਆਪਣੀ ਬੇਵੱਸੀ ਦਾ ਜੋ ਖ਼ਿਆਲ ਪੈਦਾ ਹੋਇਆ ਉਸ ਨੇ ਸ੍ਰਿਸ਼ਟੀ ਦੇ ਆਦਿ ਕਾਲ ਤੋਂ ਲੈ ਕੇ ਮਨੁੱਖ ਨੂੰ ਐਨਾ ਪ੍ਰੇਸ਼ਾਨ ਅਤੇ ਚਿੰਤਾਤੁਰ ਕਰਕੇ ਰੱਖਿਆ ਕਿ ਮਨੁੱਖ ਆਪਣੀ ਉਸ ਬੇਵੱਸੀ ਤੋਂ ਹਰ ਸਮੇਂ ਆਪਣੇ ਦਿਮਾਗ਼ ਨੂੰ ਅਜਿਹਾ ਲੜਾਉਂਦਾ ਗਿਆ ਕਿ ਕੁਦਰਤ ਦੀ ਜਿਹੜੀ ਜਿਹੜੀ ਹਾਲਤ ਜਾਂ ਸ਼ਕਤੀ ਉਸ ਨੂੰ ਤਕਲੀਫ਼ ਦੇਂਦੀ ਸੀ ਜਾਂ ਜਾਨੋਂ ਮਾਰਦੀ ਸੀ ਉਸ ਨੇ ਹਰ ਉਸ ਹਾਲਤ ਅਤੇ ਸ਼ਕਤੀ ਦੇ ਮੁਕਾਬਲੇ ਅਰਥਾਤ ਆਪਣੇ ਆਪ ਨੂੰ ਉਸ ਤੋਂ ਬਚਾ ਕੇ ਰੱਖਣ ਲਈ ਅਜਿਹੀਆਂ ਜੁਗਤਾਂ ਅਤੇ ਕਾਢਾਂ ਦੇ ਸਦਕੇ ਆਪਣੇ ਆਪ ਨੂੰ ਕੁਦਰਤ ਦੀ ਹਰ ਹਾਲਤ ਅਤੇ ਸ਼ਕਤੀ ਤੋਂ ਬਚਾ ਕੇ ਰੱਖਣ ਦੇ ਯੋਗ ਬਣਾ ਲਿਆ । ਜਦੋਂ ਅਸੀਂ ਆਪਣੀ ਸੱਭਿਅਤਾ ਵੱਲ ਗਹੁ ਨਾਲ ਤੱਕਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਮਨੁੱਖਾ ਜੀਵਨ ਨੂੰ ਲਾਭ, ਸੁੱਖ ਅਤੇ ਖ਼ੁਸ਼ੀ ਪੁਚਾਉਣ ਵਾਲੀਆਂ ਸੱਭਿਅਤਾ ਦੀਆਂ ਪੈਦਾ ਕੀਤੀਆਂ ਹੋਈਆਂ ਉਹ ਕੁੱਲ ਗੱਲਾਂ ਜਿਨ੍ਹਾਂ ਉੱਤੇ ਸਾਡੀ ਅੱਜ ਦੀ ਮਨੁੱਖਾ ਨਸਲ ਸਭ ਤੋਂ ਵਧੇਰੇ ਮਾਣ ਕਰਦੀ ਹੈ ਉਹ ਸ੍ਰਿਸ਼ਟੀ ਦੇ ਆਰੰਭਕ ਸਮੇਂ ਦੇ ਮਨੁੱਖ ਦੇ ਹਿਰਦੇ ਦੇ ਉਸੇ ਖ਼ਿਆਲ ਦੇ ਕਾਰਨ ਤੋਂ ਹੀ ਪੈਦਾ ਹੋਈਆਂ ਸਨ ਜੋ ਉਸ ਦੇ ਹਿਰਦੇ ਵਿਚ ਓਸ ਸਮੇਂ ਕੁਦਰਤ ਦੀਆਂ ਹਾਲਤਾਂ ਅਤੇ ਸ਼ਕਤੀਆਂ ਦੇ ਮੁਕਾਬਲੇ ਵਿਚ ਆਪਣੇ ਆਪ ਨੂੰ ਕਮਜ਼ੋਰ ਅਤੇ ਬੇਵੱਸ ਪਾਉਣ ਉੱਤੇ ਆਇਆ ਸੀ।



ਸ੍ਰਿਸ਼ਟੀ ਦੀ ਰਚਨਾ ਵਿਚ ਜਿੰਨੇ ਵੀ ਜੀਵ ਹਨ ਉਨ੍ਹਾਂ ਸਾਰਿਆਂ ਵਿਚੋਂ ਜੇਕਰ ਕੋਈ ਜੀਵ ਆਪਣੀ ਰੱਖਿਆ ਅਤੇ ਭਲਾਈ ਲਈ ਹੋਰਨਾਂ ਜੀਵਾਂ ਦੇ ਮੁਕਾਬਲੇ ਵਿਚ ਸਭ ਤੋਂ ਘੱਟ ਸਾਧਨ ਰੱਖਣ ਵਾਲਾ ਹੈ ਅਤੇ ਕਮਜ਼ੋਰ ਹੈ ਤਾਂ ਉਹ ਜੀਵ ਕੇਵਲ ਮਨੁੱਖ ਹੀ ਹੈ। ਮਨੁੱਖ ਜਨਮ ਲੈਂਦਾ ਹੈ ਤਾਂ ਉਸ ਸਮੇਂ ਆਪਣੀ ਪਾਲਣਾ, ਸੰਭਾਲ ਅਤੇ ਰੱਖਿਆ ਦੇ ਸਿਲਸਿਲੇ ਵਿਚ ਜਿੰਨਾ ਵਧੇਰੇ ਸਮਾਂ ਇਸ ਨੂੰ ਆਪਣੇ ਮਾਪਿਆਂ ਦੇ ਆਸਰੇ ਅਤੇ ਸਹਾਇਤਾ ਦੇ ਸਿਰ ਉੱਤੇ ਜਿਊਣ ਦੀ ਲੋੜ ਪਿਆ ਕਰਦੀ ਹੈ ਏਨੀ ਲੋੜ ਸ੍ਰਿਸ਼ਟੀ ਦੀ ਰਚਨਾ ਦੇ ਹੋਰ ਕਿਸੇ ਪਸ਼ੂ ਨੂੰ ਨਹੀਂ ਪਿਆ ਕਰਦੀ । ਇਸ ਵਾਸਤੇ ਆਪਣੇ ਆਪ ਦੀ ਰੱਖਿਆ ਲਈ ਭਾਈਚਾਰਕ ਤੌਰ 'ਤੇ ਰਲ ਮਿਲ ਕੇ ਜਿਊਣ ਦੀ ਜਿੰਨੀ ਲੋੜ ਮਨੁੱਖ ਜਾਤੀ ਨੂੰ ਹੈ ਏਨੀ ਲੋੜ ਹੋਰ ਕਿਸੇ ਵੀ ਜੀਵ ਨੂੰ ਨਹੀਂ । ਭਾਰਤ ਦੇ ਪੁਰਾਣੇ ਇਤਿਹਾਸ ਵਿਚ ਦੋ ਗ੍ਰੰਥ, ਰਾਮਾਇਣ ਤੇ ਮਹਾਂਭਾਰਤ ਬਹੁਤ ਪ੍ਰਸਿੱਧ ਹਨ । ਇਨ੍ਹਾਂ ਦੋਹਾਂ ਗ੍ਰੰਥਾਂ ਵਿਚ ਦਰਸਾਈ ਗਈ ਮਨੁੱਖੀ ਸਭਿਅਤਾ ਦੇ ਸੱਚੇ ਵਿਚ ਸਦੀਆਂ ਤੋਂ ਹਿੰਦੂ ਜਾਤੀ ਢਲਦੀ ਚਲੀ ਆ ਰਹੀ ਹੈ । ਇਨ੍ਹਾਂ ਦੋਹਾਂ ਗ੍ਰੰਥਾਂ ਵਿਚ ਧਰਮ ਯੁੱਧਾਂ ਦਾ ਚਰਚਾ ਹੈ ਤੇ ਇਹ ਦੋਵੇਂ ਧਰਮ ਯੁੱਧ ਇਸਤਰੀ ਦੇ ਸਤਿਕਾਰ ਦੀ ਰੱਖਿਆ ਲਈ ਕੀਤੇ ਗਏ ਸਨ । ਪਾਗਲਪਨ ਰੋਗ ਇਕ ਨੌਜਵਾਨ ਇਸਤਰੀ ਨੂੰ ਜਿੱਥੇ ਲਵਾਰਸ, ਕੰਗਾਲ ਤੇ ਦਰ ਦਰ ਦੀ ਮੰਗਤੀ ਬਣਾਉਂਦਾ ਹੈ ਉੱਥੇ ਉਹ ਉਸ ਦੀ ਇੱਜ਼ਤ ਨੂੰ ਵੀ ਖ਼ਤਰੇ ਵਿਚ ਪਾਉਂਦਾ ਹੈ ਤੇ ਉਸ ਦੇ ਸਰੀਰ ਨੂੰ ਵੀ । ਇਕ ਨੌਜਵਾਨ ਇਸਤਰੀ ਨਾਲ ਸ਼ੈਤਾਨ ਮਨੁੱਖਾਂ ਦੇ ਟੋਲੇ ਜ਼ੁਲਮ ਕਰਕੇ ਉਸ ਨੂੰ ਜਾਨੋਂ ਮਾਰ ਸਕਦੇ ਹਨ । ਛੇ ਸਾਲ ਦੀ ਉਮਰ ਦੀਆਂ ਲੜਕੀਆਂ ਦੀਆਂ ਇੱਜ਼ਤਾਂ ਉੱਤੇ ਸ਼ੈਤਾਨ ਬੰਦਿਆਂ ਦੇ ਹਮਲਿਆਂ ਦੀਆਂ ਖ਼ਬਰਾਂ ਮੈਂ ਪੜ੍ਹਦਾ ਰਿਹਾ ਹਾਂ । ਆਤਸ਼ਿਕ ਤੇ ਸੁਜ਼ਾਕ ਦੇ ਰੋਗ ਅਤਿਅੰਤ ਭਿਆਨਕ ਰੋਗ ਹਨ। ਪਾਗਲਪਨ ਰੋਗ ਦੇ ਨਾਲ ਆਪਣੇ ਘਰਾਂ ਵਿਚੋਂ ਭੱਜੀਆਂ ਹੋਈਆਂ ਨੌਜਵਾਨ ਇਸਤਰੀਆਂ ਨੂੰ ਜਿੱਥੇ ਸ਼ੈਤਾਨ ਬੰਦੇ ਹਮਲ ਕਰ ਦੇਂਦੇ ਹਨ ਉੱਥੇ ਆਤਸ਼ਿਕ ਸੁਜ਼ਾਕ ਦੇ ਰੋਗਾਂ ਨਾਲ ਗ੍ਰੱਸੇ ਹੋਏ ਸ਼ੈਤਾਨ ਬੰਦੇ ਉਹਨਾਂ ਨੂੰ ਆਪਣੇ ਰੋਗ ਵੀ ਲਾ ਦਿੰਦੇ ਹਨ ਜਿਹਨਾਂ ਰੋਗਾਂ ਤੋਂ ਉਹ ਆਪ ਵੀ ਕੀੜੇ ਪੈ ਕੇ ਮਰਦੀਆਂ ਹਨ ਤੇ ਅਨੇਕਾਂ ਹੋਰ ਭੁੱਲੜ ਬੰਦਿਆਂ ਨੂੰ ਵੀ ਉਹਨਾਂ ਭਿਆਨਕ ਰੋਗਾਂ ਦੀ ਛੂਤ ਲਾਉਣ ਦਾ ਕਾਰਣ ਬਣਦੀਆਂ ਹਨ । ਰੋਗ ਤੋਂ ਪੈਦਾ ਹੋਣ ਵਾਲੀ ਮਨੁੱਖ ਜਾਤੀ ਦੀ ਅਜਿਹੀ ਅਧੋਗਤੀ ਦੀਆਂ ਝਾਕੀਆਂ ਨੂੰ ਦੇਖ ਕੇ ਹੀ ਭਗਵਾਨ ਬੁੱਧ ਨੇ ਆਪਣੇ ਹੇਠ ਲਿਖੇ ਉਪਦੇਸ਼ ਦੁਆਰਾ ਗ਼ਰੀਬ ਤੇ ਬੇਆਸਰੇ ਰੋਗੀਆਂ ਦੀ ਸੇਵਾ ਸੰਭਾਲ ਨੂੰ ਨੇਕੀ ਦਾ ਸਭ ਤੋਂ ਵੱਡਾ ਕੰਮ ਕਰਾਰ ਦਿੱਤਾ ਸੀ—"**ਜਿਹੜਾ ਮੇਰੀ ਸੇਵਾ ਕਰਨਾ ਚਾਹੇ ਉਹ ਕਿਸੇ ਰੋਗੀ ਦੀ ਸੇਵਾ ਕਰ ਲਵੇ।**' ਈਸਾ ਮਸੀਹ ਨੇ ਵੀ ਆਪਣੇ ਉਪਦੇਸ਼ਾਂ ਵਿਚ ਗ਼ਰੀਬ ਤੇ ਬੇਆਸਰੇ ਰੋਗੀਆਂ ਦੀ ਸੇਵਾ ਸੰਭਾਲ ਨੂੰ ਧਰਮ ਦਾ ਇਕ ਅਤਿ ਜ਼ਰੂਰੀ ਲੱਛਣ ਕਰਾਰ ਦਿੱਤਾ ਹੈ ।

-o-

# ਰਚਨਾਤਮਿਕ ਘੱਟ-ਗਿਣਤੀ

21 ਸਭਯਤਾਵਾਂ ਦੇ ਜ਼ਵਾਲ ਅਤੇ ਖ਼ਾਤਮੇ ਦੇ ਕਾਰਨਾਂ ਅਤੇ ਨਿਸ਼ਾਨੀਆਂ ਦਾ ਵਿਸ਼ਲੇਸ਼ਣ ਕਰਦਿਆਂ ਹੋਇਆਂ ਪ੍ਰੋਫ਼ੈਸਰ ਅਰਨਲਡ ਟਾਇਨਬੀ ਇਸ ਸਿੱਟੇ 'ਤੇ ਪੁੱਜਾ ਹੈ ਕਿ ਕਿਸੇ ਸਮਾਜ ਦੀ ਗਿਰਾਵਟ ਦਾ ਕਾਰਨ ਉਸ ਦੀ ਰਚਨਾਤਮਿਕ ਘੱਟ-ਗਿਣਤੀ ਦੇ ਅੰਦਰੋਂ ਉਸਾਰੂ ਚਿੰਗਾੜੀ ਦਾ ਬੁਝ ਜਾਣਾ ਹੁੰਦਾ ਹੈ। ਇਕ ਉਸਾਰੂ ਚਿੰਗਾੜੀ ਨੂੰ ਉਸ ਨੇ (ਪ੍ਰਾਮਿਥੀਆਨ) ਅਗਨੀ ਅਤੇ (ਅਰਫੀਅਸ) ਸੰਗੀਤ ਦੇ ਅਲੰਕਾਰਾਂ ਨਾਲ ਬਿਆਨ ਕੀਤਾ ਹੈ ।

"ਸਭ ਤੋਂ ਉੱਤਮ ਦਾਨ, ਸਭ ਤੋਂ ਵੱਡੇ ਵਿਦਿਆ ਫਲ, ਸਭ ਤੋਂ ਅਮੀਰ ਕਾਢਾਂ, ਸਭ ਤੋਂ ਚੰਗੀਆਂ ਕਾਨੂੰਨ ਅਤੇ ਇਨਸਾਫ ਦੀਆਂ ਸੰਸਥਾਵਾਂ ਅਰਥਾਤ ਸਾਰੀਆਂ ਵੱਡੀਆਂ ਤੋਂ ਵੱਡੀਆਂ ਚੀਜ਼ਾਂ ਜੋ ਦੁਨੀਆਂ ਵਿਚ ਪ੍ਰਵਾਨ ਚੜ੍ਹੀਆਂ ਹਨ ਕਿਸੇ ਹੱਦ ਤਕ ਧਰਮ ਦੀ ਉਪਜਾਊ ਤੇ ਰਚਨਾਤਮਿਕ ਸ਼ਕਤੀ ਦਾ ਹੀ ਨਤੀਜਾ ਹੁੰਦੀਆਂ ਹਨ।"

—ਹੋਰੇਸ਼ ਬੁਸ਼ਨੇਲ

# ਧਰਮ ਦੀ ਮਹੱਤਤਾ

ਧਰਮ ਮਹੱਤਵਪੂਰਨ ਹੈ, ਭਾਵੇਂ ਇਸ ਦੇ ਅਰਥਾਂ ਨੂੰ ਸਦਾ ਵੰਗਾਰਿਆ ਅਤੇ ਲਗਾਤਾਰ ਸ਼ੱਕ ਨਾਲ ਵੇਖਿਆ ਜਾਂਦਾ ਹੈ । ਧਰਮ ਦੀਆਂ ਕੀਮਤਾਂ ਨੂੰ ਵੀ ਹੋਰ ਕੀਮਤਾਂ ਵਾਂਙ ਆਪਣੀ ਮਹੱਤਤਾ ਹਰ ਸਮੇਂ ਦੇ ਲੋਕਾਂ ਨੂੰ ਅਤੇ ਹਰ ਮਨੁੱਖ ਨੂੰ ਬਾਰ ਬਾਰ ਦ੍ਰਿੜ੍ਹ ਕਰਾਣੀ ਪੈਂਦੀ ਹੈ।

ਧਰਮ ਮਹੱਤਵਪੂਰਨ ਹੈ ; ਪਰ ਇਹ ਦਾਅਵਾ ਕਰਨਾ ਨਾ ਤਸੱਲੀਬਖ਼ਸ਼ ਹੀ ਰਹਿੰਦਾ ਹੈ ਜਿੰਨਾ ਚਿਰ ਅਸੀਂ ਇਹ ਨਾ ਦੱਸੀਏ ਕਿ ਧਰਮ ਹੁੰਦਾ ਕੀ ਹੈ ? ਇੱਥੋਂ ਤਕ ਤਾਂ ਅਸਾਂ ਕੇਵਲ ਇਹੋ ਦੱਸਿਆ ਹੈ ਕਿ ਧਰਮ ਕੀ ਨਹੀਂ ਹੁੰਦਾ ।

# ਈਸਾ ਮਸੀਹ ਦੀ ਨਿਗ੍ਹਾ ਵਿਚ

## ਭੁੱਖੇ ਨੂੰ ਅੰਨ ਦੇਣ ਦੀ ਮਹੱਤਤਾ

ਈਸਾਈ ਮੱਤ ਅਨੁਸਾਰ ਰੱਬ ਦੀ ਦਰਗਾਹ ਵਿਚ, ਉਹ ਬੰਦੇ ਪ੍ਰਵਾਨ ਹੁੰਦੇ ਹਨ ਜਿਹਨਾਂ ਦੀਆਂ ਰੂਹਾਂ ਨੂੰ ਈਸਾ ਮਸੀਹ ਜੀ ਆਪਣੇ ਹੇਠ ਲਿਖੇ ਵਾਕਾਂ ਵਿਚੋਂ ਕਿਸੇ ਇਕ ਨਾਲ ਬੁਲਾ ਕੇ ਆਪਣੇ ਸੱਜੇ ਪਾਸੇ ਬਿਠਾ ਸਕਣ ।

For I was hungry, and you gave me food,
Thirsty, and gave me water to drink.

I was a stranger, and you brought me home.

Naked and you clothed me,



Sick and you cared for me.

A prisoner and you came to see me.

੧. ਮੈਂ ਭੁੱਖਾ ਸਾਂ ਤੇ ਤੂੰ ਮੈਨੂੰ ਪ੍ਰਸ਼ਾਦਾ ਛਕਾਇਆ ਸੀ ।

੨. ਮੈਂ ਪਿਆਸਾ ਸਾਂ ਤੇ ਤੂੰ ਮੈਨੂੰ ਪੀਣ ਨੂੰ ਪਾਣੀ ਦਿੱਤਾ ਸੀ ।

੩. ਇਕ ਵਾਰੀ ਮੈਂ ਇਕ ਥਾਂ 'ਤੇ *ਅਜਨਬੀ ਦੇ ਰੂਪ ਵਿਚ ਪੁੱਜਿਆ ਸਾਂ ਤੇ ਤੂੰ ਮੈਨੂੰ ਆਪਣੇ ਘਰ ਲੈ ਗਿਆ ਸੈਂ।

੪. ਮੈਂ ਨੰਗਾ ਸਾਂ ਤੇ ਤੂੰ ਮੈਨੂੰ ਕੱਪੜੇ ਪੁਆਏ ਸਨ।

੫. ਮੈਂ ਬਿਮਾਰ ਸਾਂ ਤੇ ਤੂੰ ਮੇਰੀ ਸੇਵਾ-ਸੰਭਾਲ ਕੀਤੀ ਸੀ ।

੬. ਮੈਂ ਕੈਦੀ ਸਾਂ ਤੂੰ ਮੇਰੀ ਖ਼ਬਰਸਾਰ ਪੁੱਛਣ ਨੂੰ ਆਇਆ ਸੈਂ ।

ਗ਼ਰੀਬ ਤੇ ਬੇਆਸਰੇ ਰੋਗੀਆਂ ਲਈ ਈਸਾ ਮਸੀਹ ਨੇ ਉਚੇਚੇ ਤੌਰ 'ਤੇ ਫ਼ਿਕਰ ਕੀਤਾ । ਉਸ ਨੇ ਬੰਦੇ ਦੇ ਜਿਹੜੇ ਤਿੰਨ ਵੱਡੇ ਪਾਪ ਗਿਣੇ ਉਹ ਆਪਣੇ ਹੇਠ ਲਿਖੇ ਸ਼ਬਦਾਂ ਵਿਚ ਦੱਸੇ :—

"Are there no poor around their gates unfed, no sick untended and no souls untaught ?

੧. ਕੀ ਉਨ੍ਹਾਂ ਦੇ ਦਰਵਾਜ਼ਿਆਂ ਅੱਗੇ ਗ਼ਰੀਬ ਨਹੀਂ ਬੈਠੇ ਜੋ ਭੁੱਖੇ ਹਨ ?

੨. ਕੀ ਉਨ੍ਹਾਂ ਦੇ ਦਰਵਾਜ਼ਿਆਂ ਅੱਗੇ ਉਹ ਰੋਗੀ ਨਹੀਂ ਪਏ ਹੋਏ ਹਨ ਜਿਨ੍ਹਾਂ ਦੀ ਸੰਭਾਲ ਨਹੀਂ ਹੋ ਰਹੀ ?

੩. ਕੀ ਉਨ੍ਹਾਂ ਦੇ ਦਰਵਾਜ਼ਿਆਂ ਅੱਗੇ ਅਜਿਹੀਆਂ ਆਤਮਾਵਾਂ ਨਹੀਂ, ਜਿਨ੍ਹਾਂ ਨੂੰ ਗਿਆਨ ਨਹੀਂ ?

# ਰੱਬ ਦੇ ਚਰਨ ਕਿੱਥੇ ਟਿਕਦੇ ਹਨ ?

੧. ਜਿੱਥੇ ਸਭ ਤੋਂ ਵੱਧ ਕੰਗਾਲ, ਨੀਵੇਂ ਅਤੇ ਹੀਣੇ (ਗਵਾਚੇ ਹੋਏ)ਮਨੁੱਖ ਰਹਿੰਦੇ ਹਨ, ਉੱਥੇ ਹੀ ਹੇ ਹਰੀ ਤੇਰੇ ਚਰਨ ਟਿਕਦੇ ਹਨ, ਉੱਥੇ ਤੇਰਾ ਸਟੂਲ ਹੈ ਜਿਸ ਤੋਂ ਟੱਪ ਕੇ ਤੂੰ ਉਨ੍ਹਾਂ ਪਾਸ ਜਾਂਦਾ ਹੈਂ ।

੨. ਜਦ ਮੈਂ ਤੇਰੇ ਸਾਹਮਣੇ ਝੁਕਦਾ ਹਾਂ ਤਾਂ ਮੇਰੀ ਨਮਸ਼ਕਾਰ ਉਸ ਗਹਿਰਾਈ ਤਕ ਨਹੀਂ ਪੁੱਜ ਸਕਦੀ ਜਿੱਥੇ ਕਿ ਤੇਰੇ ਪੈਰ ਕੰਗਾਲਾਂ, ਨੀਵਿਆਂ ਅਤੇ ਹੀਣਿਆਂ ਵਿਚ ਟਿਕਦੇ ਹਨ (ਮੈਂ ਤੇਰੇ ਪੁੱਜਣ ਦੇ ਯੋਗ ਹੀ ਨਹੀਂ ਕਿਉਂਕਿ ਮੈਂ ਕੰਗਾਲ, ਨੀਵਿਆਂ ਤੇ ਹੀਣਿਆਂ ਤਕ ਪੁੱਜਦਾ ਨਹੀਂ ਜਿੱਥੇ ਤੂੰ ਵੱਸਦਾ ਹੈ)।

*ਅਜਨਬੀ ਅਰਥਾਤ ਓਪਰਾ ਬੰਦਾ

੩. ਮੇਰਾ ਦਿਲ ਉੱਥੇ ਨਹੀਂ ਪੁੱਜ ਸਕਦਾ ਜਿੱਥੇ ਕਿ ਤੂੰ ਗ਼ਰੀਬਾਂ, ਨੀਵਿਆਂ ਅਤੇ ਹੀਣੇ ਲੋਕਾਂ ਦਾ ਸਾਥੀ ਬਣਦਾ ਹੈਂ ਜਿਨ੍ਹਾਂ ਦਾ ਕੋਈ ਸਾਥੀ ਨਹੀਂ ।

੪. ਹੰਕਾਰ ਉੱਥੇ ਪੁੱਜ ਨਹੀਂ ਸਕਦਾ ਜਿੱਥੇ ਕਿ ਤੂੰ ਗ਼ਰੀਬਾਂ, ਨੀਵਿਆਂ ਅਤੇ ਹੀਣੇ ਲੋਕਾਂ ਦੇ ਕੱਪੜੇ ਪਾ ਕੇ ਤੁਰਦਾ ਹੈਂ ।

-ਮਹਿਰਿਸ਼ੀ ਰਾਬਿੰਦਰ ਨਾਥ ਟੈਗੋਰ ਦੀ ਸੰਸਾਰ-ਪ੍ਰਸਿੱਧ ਪੁਸਤਕ 'ਗੀਤਾਂਜਲੀ' ਵਿਚੋਂ ਧੰਨਵਾਦ ਸਹਿਤ !

## ਇਕ ਸਦਾ ਸਫਲ ਮੰਤਰ

ਮੈਂ ਤੁਹਾਨੂੰ ਇਕ ਮੰਤਰ ਦੱਸਦਾ ਹਾਂ ਜਿਸ ਨੂੰ ਤੁਸੀਂ ਹਰ ਉਸ ਸਮੇਂ ਵਰਤ ਸਕਦੇ ਹੋ ਜਦ ਤੁਹਾਨੂੰ ਕੋਈ ਕੰਮ ਕਾਜ ਕਰਦਿਆਂ ਹਉਮੈ ਦਾ ਨਸ਼ਾ ਚੜ੍ਹਦਾ ਦਿੱਸਦਾ ਹੋਵੇ । ਤੁਸੀਂ ਪਹਿਲਾਂ ਕਿਸੇ ਗ਼ਰੀਬ ਤੋਂ ਗ਼ਰੀਬ ਤੇ ਲਾਚਾਰ ਤੋਂ ਲਾਚਾਰ ਬੰਦੇ ਦੀ ਸ਼ਕਲ ਨੂੰ ਆਪਣੇ ਮਨ ਅੱਗੇ ਲਿਆਓ ਜਿਸ ਨੂੰ ਤੁਸੀਂ ਕਦੇ ਦੇਖਿਆ ਹੋਵੇ । ਫਿਰ ਆਪਣੇ ਆਪ ਨੂੰ ਪੁੱਛੋ ਕਿ ਜੋ ਕੰਮ ਕਰਨ ਲੱਗੇ ਹੋ ਕੀ ਇਹ ਉਸ ਬੰਦੇ ਨੂੰ ਲਾਭ ਪੁਚਾਵੇਗਾ ? ਕੀ ਇਸ ਕੰਮ ਤੋਂ ਉਹ ਕੋਈ ਲਾਭ ਉਠਾਵੇਗਾ? ਕੀ ਉਸ ਕੰਮ ਰਾਹੀਂ ਉਸ ਨੂੰ ਆਪਣੇ ਜੀਵਨ ਤੇ ਕਿਸਮਤ ਉਪਰ ਫੇਰ ਇਖ਼ਤਿਆਰ ਮਿਲ ਜਾਵੇਗਾ ? ਜਾਂ ਦੂਜੇ ਸ਼ਬਦਾਂ ਵਿਚ ਕੀ ਇਸ ਤੋਂ ਭਾਰਤ ਦੇ ਕਰੋੜਾਂ ਭੁੱਖ ਅਤੇ ਰੂਹਾਨੀ ਤੌਰ ’ਤੇ ਮਰੇ ਹੋਏ ਲੋਕਾਂ ਨੂੰ ਸਵਰਾਜ ਮਿਲ ਜਾਵੇਗਾ ? ਜੇ ਇਹ ਸਵਾਲ ਤੁਸੀਂ ਆਪਣੇ ਆਪ ਤੋਂ ਪੁੱਛੋਗੇ ਤਾਂ ਤੁਹਾਡੀ ਹਉਮੈ ਇਕ ਦਮ ਉੱਡ ਜਾਵੇਗੀ ।

—ਮਹਾਤਮਾ ਗਾਂਧੀ

The seeds of great discoveries are constantly floating around us but they take roots only in minds well prepared to receive them.

-Joseph Henry

ਅਰਥਾਤ ਵੱਡੀਆਂ ਵੱਡੀਆਂ ਕਾਢਾਂ ਦੇ ਬੀਜ ਸਦਾ ਸਾਡੇ ਆਲੇ ਦੁਆਲੇ ਹਵਾ ਵਿਚ ਤੈਰਦੇ ਰਿਹਾ ਕਰਦੇ ਹਨ ਤੇ ਉਹ ਉਨ੍ਹਾਂ ਹਿਰਦਿਆਂ ਵਿਚ ਹੀ ਆਪਣੀਆਂ ਜੜ੍ਹਾਂ ਫੜਿਆ ਕਰਦੇ ਹਨ ਜਿਹੜੇ ਉਨ੍ਹਾਂ ਨੂੰ ਜੀ ਆਇਆਂ ਆਖਣ ਲਈ ਚੰਗੀ ਤਰ੍ਹਾਂ ਤਿਆਰ ਹੋ ਚੁੱਕੇ ਹੋਣ ।

-ਜੋਸਫ ਹੈਨਰੀ



## ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਸਹੀ ਇਮਾਰਤ ਸੀ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਤਰ੍ਹਾਂ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਪੂਰਨ ਸਿੰਘ ਜੀ ਇਕੱਲੇ ਹੀ ਇਸ ਸੇਵਾ ਦੇ ਕਠਨ ਰਾਹ ’ਤੇ ਚੱਲ ਪਏ, ਲੋਕ ਨਾਲ ਜੁੜਦੇ ਗਏ ਅਤੇ ਕਾਰਵਾਂ ਬਣਦਾ ਗਿਆ । ਉਨ੍ਹਾਂ ਦੇ ਕਦਮ ਚਿੰਨ੍ਹਾਂ ’ਤੇ ਚੱਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸਾਂ-ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ ।

**ਪਿੰਗਲਵਾੜਾ ਇਕ ਨਜ਼ਰ ...**

**ਨਿਵਾਸ ਅਤੇ ਸੰਭਾਲ** :-1807 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅਲਟਰਾ-ਸਾਊਂਡ ਸੈਂਟਰ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ, *ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ ।

**ਜਾਗਰੂਕਤਾ** :-* ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ ।

**ਵਾਤਾਵਰਨ** : -*ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ ।

## ਮੁਫ਼ਤ ਵਿਦਿਅਕ ਸਹੂਲਤਾਂ:

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼, ਮਾਨਾਂਵਾਲਾ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ,ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੌਰਾ, ਫਿਰੋਜ਼ਪੁਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, (ਪਲਸੋਰਾ) ਚੰਡੀਗੜ੍ਹ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਪਿੰਡ ਕੱਕੋਂ, ਹੁਸ਼ਿਆਰਪੁਰ।

## ਨਿਵਾਸ ਅਤੇ ਸੰਭਾਲ :

ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿਖੇ *1807 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :

| ਬਿਮਾਰੀ ਨਾਲ ਗ੍ਰਸਤ | ਗਿਣਤੀ | ਬਿਮਾਰੀ ਨਾਲ ਗ੍ਰਸਤ | ਗਿਣਤੀ |
|---|---|---|---|
| ਮਾਨਸਿਕ ਰੋਗੀ | -365 | ਏਡਜ਼ ਵਾਲੇ | –19 |
| ਅਧਰੰਗ/ ਪੋਲੀਏ ਵਾਲੇ | -159 | ਮਿਰਗੀ ਵਾਲੇ | -198 |
| ਮੰਦ-ਬੁੱਧੀ ਵਾਲੇ | -454 | ਸ਼ੂਗਰ ਵਾਲੇ | -85 |
| ਗੂੰਗੇ ਬੋਲੇ | -168 | ਕੈਂਸਰ ਵਾਲੇ | -01 |
| ਬਜ਼ੁਰਗ | -143 | ਸਕੂਲ ਜਾਣ ਵਾਲੇ ਬੱਚੇ | –88 |
| ਜ਼ਖ਼ਮਾਂ ਵਾਲੇ | -30 | ਲਾਵਾਰਸ ਬੱਚੇ | –03 |
| ਟੀ.ਬੀ. ਵਾਲੇ | -20 | ਠੀਕ ਹੋ ਚੁੱਕੇ ਰੋਗੀ | –31 |
| ਨੇਤਰਹੀਣ | -43 | | |
| **31 ਮਾਰਚ 2019 ਤਕ ਕੁੱਲ ਗਿਣਤੀ** | | | **1807** |

*ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਗਏ/ਜਾਂਦੇ ਹਨ ।



## ਬ੍ਰਾਂਚਾਂ ਦਾ ਵੇਰਵਾ :

| ਬ੍ਰਾਂਚ | ਮਰੀਜ਼ |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 343 |
| 2. ਮਾਨਾਂਵਾਲਾ ਕੰਪਲੈਕਸ | 881 |
| 3. ਪੰਡੋਰੀ ਵੜੈਚ ਸ਼ਾਖਾ | 109 |
| 4. ਗੋਇੰਦਵਾਲ ਸ਼ਾਖਾ | 97 |
| 5. ਜਲੰਧਰ ਸ਼ਾਖਾ | 41 |
| 6. ਸੰਗਰੂਰ ਸ਼ਾਖਾ | 217 |
| 7. ਪਲਸੋਰਾ ਸ਼ਾਖਾ ਚੰਡੀਗੜ੍ਹ | 119 |
| **ਕੁੱਲ ਮਰੀਜ਼** | **1807** |

## ਇਲਾਜ ਅਤੇ ਸਹੂਲਤਾਂ :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ ਦੀਆਂ ਸੁਵਿਧਾਵਾਂ**:- ਰੋਗੀਆਂ ਦੇ ਇਲਾਜ ਲਈ ਪਿੰਗਲਵਾੜਾ ਵਿਖੇ ਇਕ ਮੈਡੀਕਲ ਲੈਬਾਰਟਰੀ ਅਤੇ ਡਿਸਪੈਂਸਰੀ ਦੀ ਸੁਵਿਧਾ ਹੈ ਜਿਸ ਦਾ ਖ਼ਰਚ 90 ਲੱਖ ਰੁਪਏ ਸਾਲਾਨਾ ਹੈ।

**(ਅ) ਸਹਾਇਕ ਸਟਾਫ਼** :- ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬਾਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

**(ੲ) ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੰਨ 2009 ਵਿੱਚ ਅਲਟਰਾ ਸਾਊਂਡ ਕੇਂਦਰ ਦੀ ਸਥਾਪਨਾ ਕੀਤੀ ਗਈ ।

**(ਸ) ਖ਼ੂਨਦਾਨ ਕੈਂਪ** :- ਦੁਰਘਟਨਾ ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਅਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਵਰ੍ਹੇ ਭਗਤ ਜੀ ਦੀ ਬਰਸੀ 'ਤੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ। ਇਹ ਖ਼ੂਨ ਸੰਸਥਾ ਦੇ ਰੋਗੀਆਂ ਲਈ ਵਰਤਿਆ ਜਾਂਦਾ ਹੈ।

**(ਹ) ਬਨਾਵਟੀ ਅੰਗ ਕੇਂਦਰ** :- ਜ਼ਰੂਰਤਮੰਦ ਅੰਗਹੀਣਾਂ ਲਈ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਇਕ ਬਨਾਵਟੀ ਅੰਗ ਕੇਂਦਰ ਸਥਾਪਿਤ

ਕੀਤਾ ਗਿਆ ਹੈ, ਜਿੱਥੇ ਬਣਾਵਟੀ ਅੰਗ (ਜਿਵੇਂ ਲੱਤਾਂ ਤੇ ਬਾਹਵਾਂ) ਮੁਫ਼ਤ ਲਗਾਏ ਜਾਂਦੇ ਹਨ। ਨਵੰਬਰ 2003 ਤੋਂ ਹੁਣ ਤਕ 12411 ਲੋੜਵੰਦ ਲਾਭ ਉੱਠਾ ਚੁੱਕੇ ਹਨ ।

**(ਕ) ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸਾਂ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਭਦ ਰਹਿੰਦੀਆਂ ਹਨ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਵੀ ਤਿਆਰ ਰਹਿੰਦੀਆਂ ਹਨ ।

**(ਖ) ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲੀਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ ਬੱਚਿਆਂ ਦਾ ਸੁਣਨ ਦਾ ਟੈਸਟ (Bera Test) ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ।

**(ਗ) ਸਪੈਸ਼ਲ ਓਪਰੇਸ਼ਨ ਥਿਏਟਰ** :- ਮਾਨਾਂਵਾਲਾ ਕੰਪਲੈਕਸ ਵਿੱਚ ਇਕ ਆਧੁਨਿਕ ਓਪਰੇਸ਼ਨ ਥਿਏਟਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਹੱਡੀਆਂ ਦੀ ਜਨਰਲ ਸਰਜਰੀ, ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ, ਤਾਂ ਕਿ ਜਨਮ ਤੋਂ ਬਹਿਰੇ ਬੱਚਿਆਂ ਨੂੰ ਸੁਣਨ ਲੱਗ ਪਏ ਤੇ ਇਸ ਉਪਰੰਤ ਉਨ੍ਹਾਂ ਦਾ ਗੂੰਗਾਪਣ ਦੂਰ ਹੋ ਸਕੇ।

**(ਘ) ਦੰਦਾਂ ਦਾ ਕਲੀਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਲਈ ਦੰਦਾਂ ਦਾ ਕਲੀਨਿਕ ਵੀ ਸਥਾਪਿਤ ਕੀਤਾ ਗਿਆ ਹੈ।

**(ਙ) ਫਿਜ਼ਿਓਥਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦੀ ਫਿਜ਼ਿਓਥਰੈਪੀ ਕੀਤੀ ਜਾਂਦੀ ਹੈ।

**(ਚ) ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Room)** :- ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory Room ਸਥਾਪਿਤ ਕੀਤਾ ਗਿਆ ਹੈ।

**(ਛ) ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ



ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

**(ਜ) ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੇ ਮੁੜ ਵਸੇਬੇ (Rehabilitation) ਲਈ ਕੇਂਦਰ ਹੈ।

**(ਝ) ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ ਆਮ ਸਮਾਜ ਵਿੱਚ ਵਿਚਰਨ ਤਾਂ ਆਮ ਨਾਗਰਿਕਾਂ ਵਾਲਾ ਜੀਵਨ ਜਿਊਣ ਦੇ ਕਾਬਲ ਹੋਣ।

**ਮੁਫ਼ਤ ਵਿੱਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ** :-

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :- ਇੱਥੇ ਗ਼ਰੀਬ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋੜਵੰਦ ਅਤੇ ਝੁੱਗੀ-ਝੌਂਪੜੀ ਵਾਲੇ 768 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ 92 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਕਿੱਤਾ ਸਿਖਲਾਈ ਕੇਂਦਰ** :- ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿਲਾਈ-ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚੱਲ ਰਹੇ ਹਨ। ਇਹ ਸਿਖਲਾਈ ਕੋਰਸ 6 ਮਹੀਨੇ ਦਾ ਹੁੰਦਾ ਹੈ। ਇਹ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਸਥਿਤ ਹੈ। ਮਾਨਾਂਵਾਲਾ ਦੇ ਆਸ-ਪਾਸ ਦੀਆਂ ਗ਼ਰੀਬ ਬੱਚੀਆਂ ਲਈ ਇਹ ਪ੍ਰਬੰਧ ਹੈ।

**(ੲ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :- ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 185 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :-ਪਿੰਗਲਵਾੜਾ ਦੇ 225 ਮੰਦਬੁੱਧੀ ਬੱਚਿਆਂ ਨੂੰ ਆਪਣੇ

ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

(ਹ) RCI ਦੇ ਅਧੀਨ

**ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼:**

(i) Diploma Special Education (Hearing Impairment) 25 ਸੀਟਾਂ।

(ii) Diploma Special Education (Mental Retardation) 25 ਸੀਟਾਂ।

**(ਕ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਅਟਾਰੀ, ਅੰਮ੍ਰਿਤਸਰ**:- ਇਸ ਵਿੱਚ 13 ਬੱਚੇ ਸਿੱਖਿਆ ਲੈ ਰਹੇ ਹਨ ।

**(ਖ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ** :- ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ-ਛਾਇਆ ਹੇਠ 437 ਬੱਚੇ ਮੁਫ਼ਤ ਵਿੱਦਿਆ ਪ੍ਰਾਪਤ ਕਰ ਰਹੇ ਹਨ।

**(ਗ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਬੁੱਟਰ ਕਲਾਂ ਕਾਦੀਆਂ ਗੁਰਦਾਸਪੁਰ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਘ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੌਰਾ, ਫਿਰੋਜ਼ਪੁਰ** :- ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ ਜਿਸ ਵਿੱਚ 17 ਬੱਚੇ ਸਿੱਖਿਆ ਲੈ ਰਹੇ ਹਨ ।

**(ਙ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਸਰਹਾਲੀ, ਤਰਨ ਤਾਰਨ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਚ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੁਕੇਸ਼ਨ, ਪਲਸੋਰਾ, (ਚੰਡੀਗੜ੍ਹ)** :- ਇੱਥੇ 35 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਛ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਪਿੰਡ ਕੱਕੋਂ ਹੁਸ਼ਿਆਰਪੁਰ**:- ਇਸ ਵਿੱਚ 9 ਬੱਚੇ ਸਿੱਖਿਆ ਲੈ ਰਹੇ ਹਨ ।



**(ਜ) ਕੰਪਿਊਟਰ ਸਿੱਖਿਆ** :- ਸੂਚਨਾ ਅਤੇ ਟੈਕਨੋਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

**(ਝ) ਹੋਸਟਲ ਦਾ ਪ੍ਰਬੰਧ** :- ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 176 ਲੜਕੇ ਲੜਕੀਆਂ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**ਵਾਤਾਵਰਣ ਜਾਗਰੂਕਤਾ** :-

ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਲਈ ਬਹੁਤ ਚਿੰਤਤ ਰਹਿੰਦੇ ਸਨ। ਇਸ ਲਈ, ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ ਮਿੱਟੀ ਖੁਰਨ (Soil Erosion) ਤੋਂ ਬਚਾਉਣ ਲਈ ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਹਰ ਸਾਲ ਭਗਤ ਜੀ ਦੀ ਬਰਸੀ (5 ਅਗਸਤ) ਦੇ ਮੌਕੇ 'ਤੇ ਸੰਸਥਾ ਦੇ ਸੇਵਾਦਾਰਾਂ ਵੱਲੋਂ ਰੁੱਖ ਲਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ। ਇਹ ਰੁੱਖ ਸਕੂਲਾਂ, ਕਾਲਜਾਂ, ਸ਼ਮਸ਼ਾਨ ਘਾਟਾਂ ਅਤੇ ਜਨਤਕ ਥਾਵਾਂ 'ਤੇ ਲਗਾਏ ਜਾਂਦੇ ਹਨ।

**(ੳ) ਨਰਸਰੀ** :- ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ ਜਿਸ ਵਿੱਚ ਹਰ ਸਾਲ ਲਗਪਗ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ** :- ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜੇ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ ਹੈ। ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।

(ਹ) ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ (Water Harvesting)

(ਕ) ਸੋਲਰ ਪਾਵਰ ਊਰਜਾ

**ਪੂਰਨ ਪ੍ਰਿੰਟਿੰਗ ਪ੍ਰੈਸ** :- ਇਹ ਛਾਪਾਖ਼ਾਨਾ ਜੋ ਕਿ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ, ਦੁਆਰਾ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨ-ਸਾਧਾਰਣ ਵਿੱਚ ਭਗਤ ਜੀ ਦੇ ਵੇਲੇ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ ਪੂਰਨ ਪ੍ਰਿੰਟਿੰਗ ਪ੍ਰੈਸ ਦਾ ਤੇ ਪਬਲੀਸਿਟੀ ਦਾ ਸਾਲਾਨਾ ਖ਼ਰਚਾ 1 ਕਰੋੜ 50 ਲੱਖ ਰੁਪਏ ਹੈ। ਦਾਨੀਆਂ ਦੇ ਸਹਿਯੋਗ ਨਾਲ ਚੱਲਦੇ ਇਸ ਪ੍ਰੈਸ ਦੀ ਸਮਾਜ ਨੂੰ ਬੜੀ ਵੱਡੀ ਦੇਣ ਹੈ।

**ਹੋਰ ਸਮਾਜ ਕਲਿਆਣ ਸੰਬੰਧੀ ਕਾਰਜ**:-

**(ੳ) ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ, ਜਵਾਰ-ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਸੰਨ 2008 ਵਿੱਚ ਜੁਲਾਈ-ਅਗਸਤ ਵਿੱਚ ਪੰਜਾਬ ਵਿੱਚ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ ਹੜ੍ਹ-ਪੀੜਿਤ 800 ਪਰਿਵਾਰਾਂ ਨੂੰ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਵੰਡੇ। ਅਗਸਤ 2010 ਵਿੱਚ ਬੱਦਲ ਫੱਟਣ ਨਾਲ ਲੇਹ-ਲਦਾਖ ਵਿੱਚ ਆਏ ਹੜ੍ਹ ਦੇ ਪੀੜਿਤਾਂ ਲਈ ਡਾ. ਇੰਦਰਜੀਤ ਕੌਰ ਜੀ ਦੀ ਅਗਵਾਈ ਵਿੱਚ ਦੋ ਟਰੱਕ ਰਾਹਤ ਸਮੱਗਰੀ-ਰਾਸ਼ਨ, ਕੰਬਲ ਅਤੇ ਊਨੀ ਕੱਪੜੇ ਦੂਰ-ਦੁਰਾਡੇ ਲੇਹ ਦੇ ਇਲਾਕਿਆਂ ਵਿੱਚ ਵੰਡੇ ਗਏ ।

**(ਅ) ਲਾਵਾਰਸ ਲਾਸ਼ਾਂ ਦਾ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਿਮ ਸਸਕਾਰ ਪੂਰੇ ਸਤਿਕਾਰ ਨਾਲ ਕੀਤਾ ਜਾਂਦਾ ਹੈ।

**(ੲ) ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚਲ ਰਿਹਾ ਹੈ ਤੇ ਇਕ ਬਿਰਧ ਘਰ ਮਾਨਾਂਵਾਲਾ ਬ੍ਰਾਂਚ ਅੰਮ੍ਰਿਤਸਰ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।



**(ਸ) ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:-ਕਠਨ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਪਿੰਗਲਵਾੜਾ ਸੰਸਥਾ ਦੀ ਮੁੱਖ-ਬ੍ਰਾਂਚ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) Pingalwara-Home for Homeless

(iii) Pingalwara-A selfless Home (Documentry by Gurmeet Sodhi a famous American Media personality)

(iv) ਪਿੰਗਲਵਾੜਾ ਦਸਤਾਵੇਜੀ ਫ਼ਿਲਮ 'ਸ਼ੁੱਭ ਕਰਮਨ' ।

(v) Pingalwara Educational Endeavours

(vi) ਕੁਦਰਤੀ ਖੇਤੀ (Natural Farming)

(vii) ਪਾਣੀ ਦੀ ਸਮੱਸਿਆ

(viii) ਦਰਖ਼ਤ

(ix) **ਏਹੁ ਜਨਮ ਤੁਮ੍ਹਾਰੇ ਲੇਖੇ (ਫ਼ਿਲਮ)**:-ਭਗਤ ਪੂਰਨ ਸਿੰਘ ਜੀ ਦੇ ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ "ਏਹੁ ਜਨਮ ਤੁਮ੍ਹਾਰੇ ਲੇਖੇ" ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ, ਜੋ 30 ਜਨਵਰੀ 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਿਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ, ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।

**(x) ਪਿੰਗਲਵਾੜਾ ਦੇ ਬੱਚਿਆਂ ਦੁਆਰਾ ਗੁਰਬਾਣੀ ਕੀਰਤਨ**:-ਇਨ੍ਹਾਂ ਬੱਚਿਆਂ ਦੁਆਰਾ ਕੀਰਤਨ ਦੀ DVD-Video ਡਾ. ਓਮ ਗੌਰੀ ਦੱਤ ਸ਼ਰਮਾ, ਡਿਪਟੀ ਡਾਇਰੈਕਟਰ ਜਲੰਧਰ ਦੂਰਦਰਸ਼ਨ ਦੁਆਰਾ ਮਿਤੀ 09-07-2016 ਨੂੰ ਰਿਲੀਜ਼ ਕੀਤੀ ਗਈ ।

**(xi) ਭਗਤ ਪੂਰਨ ਸਿੰਘ ਸਮਾਰਕ**:- ਭਗਤ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ "ਭਗਤ ਪੂਰਨ ਸਿੰਘ ਸਮਾਰਕ"

ਬਣਾਇਆ ਗਿਆ ਹੈ ਜਿਹੜਾ ਭਗਤ ਜੀ ਦੀ ਪਹਿਲੀ ਜਨਮ ਸ਼ਤਾਬਦੀ 4 ਜੂਨ 2004 ਨੂੰ ਸਮਰਪਿਤ ਹੈ।

**(xii) ਗਊਸ਼ਾਲਾ** :- ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਇਕ ਗਊਸ਼ਾਲਾ ਬਣਾਈ ਗਈ ਹੈ ਜੋ ਲਗਪਗ 165 ਦੁਧਾਰੂ ਪਸ਼ੂਆਂ ਦੀ ਦੇਖ ਰੇਖ ਕਰ ਰਹੀ ਹੈ। ਗਊਆਂ ਦਾ ਤਾਜ਼ਾ ਦੁੱਧ ਪਿੰਗਲਵਾੜੇ ਦੇ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ।

## ਜ਼ਰੂਰੀ ਸੂਚਨਾ

1. ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਰਜਿਸਟਰਾਰ ਆਫ਼ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰ: 130 ਆਫ਼ 1956-57 ਅਤੇ ਸੋਧ ਨੰ. A 28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ।

2. ਪਿੰਗਲਵਾੜੇ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਇਨਕਮ ਟੈਕਸ ਦੀ ਧਾਰਾ 80 ਜੀ ਅਨੁਸਾਰ ਇਨਕਮ ਟੈਕਸ II ਅੰਮ੍ਰਿਤਸਰ, ਪੱਤਰ ਨੰ. CIT-II/ASR/ITO (Tech.) 2011-12/4730 ਮਿਤੀ 11/12 ਜਨਵਰੀ, 2012 ਅਧੀਨ ਟੈਕਸ ਵਿੱਚ ਛੋਟ ਪ੍ਰਾਪਤ ਹੈ।

3. ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA 2237R ਹੈ। ਪਿੰਗਲਵਾੜਾ ਦਾ FCRA (Foreign contribution Regulation Act) ਰਜਿਸਟਰਾਰ ਨੰ. 115210002 ਹੈ।

4. ਪਿੰਗਲਵਾੜਾ ਸੰਸਥਾ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਉੱਪਰ ਹੈ, ਜੋ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਭਗਤ ਜੀ ਦੁਆਰਾ ਦਿੱਤੀ ਗਈ ਪ੍ਰੇਰਨਾ ਅਨੁਸਾਰ ਹੁੰਦਾ ਹੈ।

**ਵਾਹਿਗੁਰੂ ਜੀ ਦਾ ਖਾਲਸਾ ॥ ਵਾਹਿਗੁਰੂ ਜੀ ਦੀ ਫ਼ਤਹਿ ॥**

**ਡਾ: ਇੰਦਰਜੀਤ ਕੌਰ,**

ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।



**Details of Banks for sending Donation through Online/ Cheque/Draft may be sent in favour of: All India Pingalwara Charitable Society (Regd.), Amritsar' (PAN No.: AAATA 2237R)**
(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | | **(FOR FOREIGN CONTRIBUTORS)** | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | | **(FOR INLAND CONTRIBUTORS)** | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |

| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |

| | | |
|---|---|---|
| **Pingalwara Charitable Society UK<br>(UK Charity No. 1178004)<br>756 Bath Road, Cranford, Hounslow, Middlesex TW5 9TY UK<br>Ph. (+44) 203 439 4440 Email: info@pingalwara.org.uk<br>S. GURBAKHSH SINGH<br>63 PEACOCK STREET, GRAVESEND, KENT, DA12 1EG<br>U.K. (PH. 01474-568574)** | **(IN CANADA)<br>BIBI ABNASH KAUR KANG<br>(Pingalwara Soceity of Ontario (Regd.)<br>124 Blackmere Cir,<br>Brampton, ONT., L6W 4CI, Canada<br>Ph: 905-450-9664, 416-674-3341<br>Email-abnash6@yahoo.com** | **(IN USA)<br>JASWANT SAWHNEY CHARITABLE TRUST<br>In Association with<br>All India Pingawara Charitable Society (Regd.)<br>7713 Toburk CT,<br>HANOVER, MD 21076-1643 U.S.A.<br>BIBI JATINDER KAUR DUSAJ<br>Ph. 410-551-8010<br>E-mail-kaurg 2004@yahoo.com** |



# ਭਗਤ ਪੂਰਨ ਸਿੰਘ ਜੀ ਦੇ ਉਪਦੇਸ਼

* ਕੁਦਰਤੀ ਸੋਮਿਆਂ ਦੀ ਰੱਖਿਆ ਕਰੋ ।
* ਸਾਦਾ ਜੀਵਨ ਬਤੀਤ ਕਰੋ ।
* ਵੱਧ ਤੋਂ ਵੱਧ ਰੁੱਖ ਲਗਾ ਕੇ ਮਨੁੱਖਤਾ ਦਾ ਭਲਾ ਕਰੋ ।
* ਖਾਦੀ ਦਾ ਕੱਪੜਾ ਪਹਿਨ ਕੇ ਬੇਰੁਜ਼ਗਾਰੀ ਨੂੰ ਘਟਾਉਣ ਵਿੱਚ ਮਦਦ ਕਰੋ ।
* ਸਾਦਾ ਖਾਣਾ, ਸਾਦਾ ਪਾਉਣਾ ਤੇ ਸਾਦਗੀ ਵਿੱਚ ਰਹਿਣ ਦਾ ਅਨੰਦ ਹੀ ਵੱਖਰਾ ਹੈ ।
* ਡੀਜ਼ਲ ਤੇ ਪੈਟਰੋਲ ਦੀ ਘੱਟ ਤੋਂ ਘੱਟ ਵਰਤੋਂ ਕਰੋ ਅਤੇ ਵਧ ਰਹੀ ਆਬਾਦੀ ਨੂੰ ਠੱਲ੍ਹ ਪਾਉਣ ਲਈ ਸੰਜਮ-ਮਈ ਜੀਵਨ ਬਤੀਤ ਕਰੋ ।
* ਰੋ ਰਹੇ ਹਵਾ, ਪਾਣੀ ਅਤੇ ਧਰਤੀ ਮਾਤਾ ਦੀ ਪੁਕਾਰ ਸੁਣੋ । ਰੁੱਖ ਲਾਉਣੇ ਨਾ ਭੁੱਲੋ, ਰੁੱਖ ਦੇਸ਼ ਦੀ ਖ਼ੁਸ਼ਹਾਲੀ ਦਾ ਆਧਾਰ ਹਨ ।
* ਬਰਸਾਤ ਦੇ ਮੌਸਮ ਵਿੱਚ ਹਰ ਇਕ ਪ੍ਰਾਣੀ ਘੱਟੋ-ਘੱਟ ਇੱਕ ਰੁੱਖ ਜ਼ਰੂਰ ਲਗਾ ਕੇ ਮਾਨਵਤਾ ਦਾ ਭਲਾ ਕਰੇ।
* ਜਾਨਵਰਾਂ ਦੀ ਰੱਖਿਆ ਲਈ ਮਨੁੱਖ ਨੂੰ ਆਪਣੇ ਅੰਦਰ ਦਇਆਮਈ ਭਾਵਨਾ ਰੱਖਦਿਆਂ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ।

*“ਇਸ ਸਮੇਂ ਹਰ ਸਿੱਖ ਨੂੰ ਚਾਹੀਦਾ ਹੈ ਕਿ ਉਹ ਰੁੱਖਾਂ ਦੇ ਪ੍ਰਚਾਰ ਲਈ ਦਸਵੰਧ ਕੱਢੇ ਤੇ ਸਾਨੂੰ ਮਾਇਆ ਭੇਜੇ, ਤਾਂ ਜੋ ਇਸ ਸਮੇਂ ਭਾਰਤ ਦੀ ਧਰਤੀ ਨੂੰ ਮਾਰੂਥਲ ਹੋਣ ਤੋਂ ਬਚਾਉਣ ਲਈ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ ਦੇ ਇਤਿਹਾਸ ਨਾਲ ਸੰਬੰਧ ਰੱਖਣ ਵਾਲੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਨੂੰ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਵਿੱਚ ਛਾਪ ਕੇ ਦੇਸ਼ ਦੇ ਕੋਨੇ-ਕੋਨੇ ਵਿੱਚ ਪਹੁੰਚਾਇਆ ਜਾ ਸਕੇ । ਜੰਗਲਾਤ ਅਫ਼ਸਰਾਂ ਨੂੰ ਇਹ ਪਤਾ ਲੱਗੇ ਕਿ ਧਰਤੀ ਨੂੰ ਮਾਰੂਥਲ ਹੋਣ ਤੋਂ ਬਚਾਉਣ ਦੀ ਚਿੰਤਾ ਉਨ੍ਹਾਂ ਮਹਾਂਪੁਰਸ਼ਾਂ ਨੂੰ ਹੋਇਆ ਕਰਦੀ ਹੈ ਜਿਨ੍ਹਾਂ ਨੇ ਗ਼ਰੀਬਾਂ ਅਤੇ ਮੁਥਾਜਾਂ ਲਈ ਲੰਗਰ ਚਲਾਉਣੇ ਹੁੰਦੇ ਹਨ, ਕਿਉਂਕਿ ਉਹਨਾਂ ਨੇ ਇਕੱਲਿਆਂ ਪ੍ਰਸ਼ਾਦਾ ਨਹੀਂ ਛਕਣਾ ਹੁੰਦਾ ਬਲਕਿ ਨਗਾਰਾ ਵਜਾ ਕਿ ਭੁੱਖਿਆਂ ਨੂੰ ਸੱਦਾ ਦੇ ਕੇ ਸੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਣਾ ਹੁੰਦਾ ਹੈ ।”*

**–ਭਗਤ ਪੂਰਨ ਸਿੰਘ, ਬਾਨੀ ਪਿੰਗਲਵਾੜਾ, ਅੰਮ੍ਰਿਤਸਰ ।**



## ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

“ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ ‘ਆਸਾ ਦੀ ਵਾਰ’ ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । ”

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ